ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. (ਸੁਰੱਖਿਆ ਅਤੇ ਯੁੱਧਨੀਤੀ ਅਧਿਐਨ) ਭਾਗ ਦੂਜਾ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ

ਯੂਨਿਟ : 2

ਪਾਠ ਨੰ.

2.1 ; ਤਾਲੀਕੋਟਾ ਦੀ ਲੜਾਈ (1565 ਈ.)

2.2 ; ਸ਼ਿਵਾ ਜੀ ਦਾ ਫੌਜੀ ਪ੍ਰਬੰਧ

2.3 ; ਮਹਾਰਾਜਾ ਰਣਜੀਤ ਸਿੰਘ ਦਾ ਫੌਜੀ ਪ੍ਰਬੰਧ

2.4 ; ਅਸਾਈ ਦੀ ਲੜਾਈ (1803 ਈ.)

2.5 ; ਚਿੱਲੀਆਂਵਾਲਾ ਦੀ ਲੜਾਈ (1849 ਈ.)

ਪਾਠ ਨੰਬਰ 2.1

ਤਾਲੀਕੋਟਾ ਦੀ ਲੜਾਈ (1565 ਈ.)
(Battle of Talikota)

ਪਾਠ ਦੀ ਰੂਪ-ਰੇਖਾ

1. ਜਾਣ-ਪਛਾਣ
2. ਤਾਲੀਕੋਟਾ ਦੀ ਲੜਾਈ ਦਾ ਮੁੱਢ ਅਤੇ ਕਾਰਣ
3. ਕੂਚ ਅਤੇ ਮ੍ਰਚਾਬੰਦੀ
4. ਫੌਜਾਂ ਦੀ ਤੈਨਾਤੀ
5. ਲੜਾਈ ਦਾ ਹਾਲ
6. ਵਿਸ਼ਲੇਸ਼ਣ-ਜਿੱਤ ਹਾਰ ਦੇ ਕਾਰਣ
7. ਲੜਾਈ ਵਿਚ ਵਰਤੇ ਗਏ ਯੁੱਧ ਦੇ ਸਿਧਾਂਤ
8. ਸਾਰ

ਪਿਆਰੇ ਵਿਦਿਆਰਥੀ,

ਪਿਛਲੇ ਭਾਗ ਵਿਚ ਅਸੀਂ ਪੜਿਆ ਕਿ ਕਿਸ ਤਰ੍ਹਾ ਉੱਤਰ ਵਿੱਚ ਭਾਰਤੀ ਰਾਜਿਆਂ ਦੀਆਂ ਕਮਜ਼ੋਰੀਆਂ ਦਾ ਲਾਭ ਉਠਾ ਕੇ ਬਾਹਰੀ ਹਮਲਾਵਰਾਂ ਨੇ ਭਾਰਤ ਤੇ ਹਮਲੇ ਕੀਤੇ ਅਤੇ ਰਾਜ ਕੀਤਾ। ਹੁਣ ਅਸੀਂ ਇਸ ਭਾਗ ਵਿਚ ਦੱਖਣੀ ਭਾਰਤ ਵਿੱਚ ਹੋਈਆਂ ਕੁਝ ਮਹੱਤਵਪੂਰਣ ਲੜਾਈਆਂ ਬਾਰੇ ਪੜਾਂਗੇ ਅਤੇ ਨਾਲ ਹੀ ਕੁਝ ਮਹਾਨ ਭਾਰਤੀ ਸ਼ਾਸਕਾਂ ਜਿਵੇਂ ਸ਼ਿਵਾਜੀ ਅਤੇ ਰਣਜੀਤ ਸਿੰਘ ਆਦਿ ਦੇ ਸੈਨਿਕ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਿਲ ਕਰਾਂਗੇ। ਭਾਵੇਂ ਇਹਨਾਂ ਨੇ ਆਪਣੀ ਸੂਝ-ਬੂਝ ਨਾਲ ਮਹਾਨ ਸਲਤਨਤਾਂ ਕਾਇਮ ਕੀਤੀਆਂ ਪਰ ਕੋਈ ਕਾਬਲ ਉੱਤਰਾਧਿਕਾਰੀ ਨਾ ਹੋਣ ਕਾਰਣ ਇਹਨਾਂ ਤੇ ਵੀ ਬਾਹਰੀ ਲੋਕਾਂ ਨੇ ਰਾਜ ਕੀਤਾ। ਇਸ ਤੋਂ ਇਲਾਵਾ ਅਸੀਂ ਯੁੱਧ ਦੇ ਕੁਝ ਹੋਰ ਮਹੱਤਵਪੂਰਣ ਪੱਖਾਂ ਬਾਰੇ ਵੀ ਜਾਣਕਾਰੀ ਹਾਸਲ ਕਰਾਂਗੇ।

1. ਜਾਣ-ਪਛਾਣ

ਤਾਲੀਕੋਟਾ ਦੀ ਲੜਾਈ ਇਕ ਅਜਿਹੀ ਫੈਸਲਾਕੁਨ ਲੜਾਈ ਸੀ ਜਿਸ ਵਿਚ ਵਿਜੈਨਗਰ ਦੇ ਹਿੰਦੂ ਰਾਜੇ ਦੀ ਲੱਕ ਤੋੜਵੀਂ ਹਾਰ ਹੋਈ ਸੀ ਅਤੇ ਖੁਸ਼ਹਾਲ ਰਾਜ ਵਿਜੈਨਗਰ ਦਾ ਅਜਿਹਾ ਪਤਨ ਸ਼ੁਰੂ ਹੋਇਆ ਕਿ ਇਹ ਇਤਿਹਾਸ ਦੇ ਰੰਗਮੰਚ ਉਪਰ ਬਹੁਤ ਦੇਰ ਤੱਕ ਕਾਇਮ ਨਾ ਰਹਿ ਸਕਿਆ ਅਤੇ ਲੜਾਈ ਤੋਂ ਬਾਅਦ ਸੌ ਸਾਲਾਂ ਦੇ ਅੰਦਰ ਹੀ ਇਹ ਅਤੀਤ ਦੀ ਵਸਤੂ ਬਣ ਗਿਆ। ਵਿਜੈਨਗਰ ਦੱਖਣੀ ਭਾਰਤ ਵਿਚ ਕਰਿਸ਼ਨਾ ਦਰਿਆ ਦੇ ਦੱਖਣੀ ਕਿਨਾਰੇ ਤੇ ਸਥਿਤ ਸੀ। ਦਿੱਲੀ ਦੀ ਸਲਤਨਤ ਵਿਰੁੱਧ ਦੱਖਣੀ ਭਾਰਤ ਦੇ ਕੁਝ ਹਿੰਦੂ ਰਾਜਿਆਂ ਦੇ ਸੰਘਰਸ਼ ਦੇ ਸਿੱਟੇ ਵਜੋਂ 1336 ਈ. ਵਿਚ ਵਿਜੈਨਗਰ ਦਾ ਨਿਰਮਾਣ ਹੋਇਆ ਸੀ।

1426 ਈ. ਤੋਂ 1446 ਈ. ਤੱਕ ਦੇਵ ਰਾਏ ਨੇ ਇਕ ਸ਼ਕਤੀਸ਼ਾਲੀ ਹੁਕਮਰਾਨ ਵਾਂਗ ਵਿਜੈਨਗਰ ਤੇ ਰਾਜ ਕੀਤਾ ਸੀ। ਉਸਨੇ ਸਾਰੇ ਦੱਖਣੀ ਭਾਰਤ ਉਪਰ ਕਬਜ਼ਾ ਕਰ ਲਿਆ ਸੀ। ਪਰ ਵਿਜੈਨਗਰ ਉਪਰ ਪੂਰਾ ਨਿਖਾਰ ਕ੍ਰਿਸ਼ਨ ਦੇਵ ਰਾਏ ਦੇ ਜ਼ਮਾਨੇ ਵਿਚ ਆਇਆ। ਉਸ ਨੇ 1509 ਈ. ਤੋਂ 1529 ਈ. ਤੱਕ ਰਾਜ ਕੀਤਾ ਸੀ। ਇਸ ਨੇ ਵਿਜੈਨਗਰ ਦੇ ਨਾਲ ਲੱਗਦੇ ਰਾਜਾਂ ਨਾਲ ਹਮੇਸ਼ਾ ਜੰਗ ਜਾਰੀ ਰੱਖੀ। ਪਰ ਕ੍ਰਿਸ਼ਨ ਰਾਏ ਨੇ ਆਪਣੇ ਆਖਰੀ ਸਾਲ ਬਾਹਰੀ ਹਮਲਿਆਂ ਦੇ ਵੱਧ ਰਹੇ ਖਤਰਿਆਂ ਅਤੇ ਘਰੇਲੂ ਟਕਰਾਅ ਕਾਰਨ ਮੁਸੀਬਤਾ ਭਰੇ ਗੁਜ਼ਰੇ ਸਨ। 1529 ਈ.. ਵਿਚ ਕ੍ਰਿਸ਼ਨਾ ਰਾਏ ਦੀ ਮੌਤ ਹੋ ਗਈ। ਉਸ ਦੀ ਮੌਤ ਹੁੰਦੇ ਹੀ ਕਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ, ਜਿਨ੍ਹਾਂ ਵਿਚ ਸਭ ਤੋਂ ਵੱਡੀ ਉਸਦਾ ਜਾਨਸ਼ੀਨ ਸਥਾਪਤ ਕਰਨ ਦਾ ਸੀ। ਕ੍ਰਿਸ਼ਨ ਰਾਏ ਦੀ ਮੌਤ ਸਮੇਂ ਉਸ ਦਾ ਇਕ ਪੁੱਤਰ ਸੀ ਜਿਸ ਦੀ ਉਮਰ ਹਾਲੇ ਦੋ ਸਾਲ ਵੀ ਨਹੀਂ ਹੋਈ ਸੀ। ਆਪਣੀ ਵਸੀਅਤ ਅਨੁਸਾਰ ਉਹ ਆਪਣੇ ਦੂਰ ਦੇ ਭਰਾ ਅਸ਼ਤਾ ਰਾਏ ਹੋਣ ਵਾਲਾ ਰਾਜਾ ਥਾਪ ਦਿੱਤਾ ਗਿਆ। ਪਰ ਰਾਮ ਰਾਜਾ ਨੇ, ਜਿਹੜਾ ਕਿ ਉਸ ਦਾ ਜਵਾਈ ਸੀ, ਨੇ ਵਸੀਅਤ ਚੁਨੌਤੀ ਦੇ ਦਿੱਤੀ ਅਤੇ ਆਪਣੀ ਵਹੁਟੀ ਦੇ ਛੋਟੇ ਭਰਾ ਨੂੰ ਰਾਜਾ ਥਾਪਣ ਦੀ ਕੋਸ਼ਿਸ਼ ਕੀਤੀ। ਵਿਜੈਨਗਰ ਵਿਚ ਘਰੇ

ਲੂ ਜੰਗ ਦਾ ਮਹੌਲ ਬਣ ਗਿਆ ਪਰ ਜਲਦੀ ਹੀ ਰਾਮ ਰਾਜਾ ਨੇ ਅਸ਼ਤਾ ਰਾਏ ਨਾਲ ਸਮਝੌਤਾ ਕਰਕੇ ਅਸ਼ਤਾ ਰਾਏ ਰਾਜਾ ਥਾਪ ਦਿੱਤਾ ਗਿਆ। ਰਾਮ ਰਾਜਾ ਅਤੇ ਅਸ਼ਤਾ ਰਾਏ ਵਿਚ ਤਾਕਤ ਪ੍ਰਾਪਤੀ ਦਾ ਸੰਘਰਸ਼ ਚਲਦਾ ਰਿਹਾ ਜਿਸ ਦਾ ਰੁਖ ਕਦੇ ਇਧਰ ਅਤੇ ਕਦੇ ਉਧਰ ਭਟਕਦਾ ਰਿਹਾ। ਪਰ ਅਸਲੀ ਸ਼ਕਤੀ ਹੁਣ ਰਾਮ ਰਾਜਾ ਅਤੇ ਇਸ ਦੇ ਦੋ ਭਰਾਵਾਂ ਤਿਰੂਮਲ ਅਤੇ ਵੈਨਕਟਾਦਰੀ ਦੇ ਹੱਥ ਵਿੱਚ ਆ ਗਈ ਸੀ। ਸਦਾ ਸ਼ਿਵ ਰਾਏ, ਜਿਵੇਂ ਰਾਮ ਰਾਜਾ ਚਾਹੁੰਦਾ ਸੀ, ਇਕ ਨਾਮ ਮਾਤਰ ਰਾਜਾ ਬਣ ਕੇ ਰਹਿ ਗਿਆ ਸੀ। ਤਿੰਨ ਭਰਾਵਾਂ ਨੂੰ ਜੰਗ ਦਾ ਅਤੇ ਕੂਟਨੀਤੀ ਦਾ ਚੰਗਾ ਤਜ਼ਰਬਾ ਸੀ ਅਤੇ ਉਹ ਆਪਣੇ ਸਮੇਂ ਦੇ ਪਰਖੇ ਹੋਏ ਪ੍ਰਸਿੱਧ ਜਰਨੈਲ ਰਹੇ ਸਨ।

ਤਾਲੀਕੋਟਾ ਮੌਜੂਦਾ ਭਾਰਤ ਵਿਚ ਆਂਧਰਾ ਪ੍ਰਦੇਸ਼ ਵਿਚ ਸਥਿਤ ਹੈ। 1565 ਈ. ਵਿਚ ਇਥੇ ਵਿਜੈਨਗਰ ਦੇ ਹਿੰਦੂ ਸ਼ਾਸਕ ਰਾਮ ਰਾਜਾ ਅਤੇ ਮੁਸਲਮਾਨਾਂ ਦੀ ਸੰਯੁਕਤ ਸੈਨਾ ਵਿਚਕਾਰ ਲੜਾਈ ਹੋਈ ਸੀ ਰਾਮ ਰਾਜਾ ਦੇ ਦੋ ਭਰਾ ਵੈਨਕਟਾਦਰੀ ਤੇ ਤੀਰੂਮੱਲ ਵੀ ਸਨ। ਜਦੋਂ ਕਿ ਸੰਯੁਕਤ ਸੈਨਾ ਵਿਚ ਗੋਲਕੁੰਡਾ ਦੇ ਸ਼ਾਸ਼ਕ ਕੁਤਬਸ਼ਾਹ, ਬੀਜਪੁਰ ਦੇ ਸ਼ਾਸਕ ਅਲੀ ਆਦਿਲ ਸ਼ਾਹ ਅਤੇ ਅਹਿਮਦ ਨਗਰ ਦੇ ਸ਼ਾਸਕ ਹੁਸੇਲ ਨਿਜ਼ਾਮ ਸ਼ਾਹ ਸਨ। ਇਹ ਲੜਾਈ ਅਸਲ ਵਿਚ ਤਾਲੀਕੋਟਾ ਦੇ ਸਥਾਨ ਤੇ ਨਹੀਂ ਹੋਈ ਸੀ। ਤਾਲੀਕੋਟਾ ਤੋਂ 15 ਮੀਲ ਦੱਖਣ ਵੱਲ ਨਾਲਾਤਵਾੜ (Nalatvad) ਨਾਂ ਦਾ ਸ਼ਹਿਰ ਸੀ।, ਇਥੋਂ 6 ਮੀਲ ਅੱਗੇ ਦੱਖਣ ਵੱਲ ਕ੍ਰਿਸ਼ਨਾ ਨਦੀ ਦੇ ਉੱਤਰੀ ਕੰਢੇ ਤੇ ਇੰਗਲਗੀ (Ingalgi) ਨਾਂ ਦਾ ਪਿੰਡ ਸੀ। ਜੇ ਇਥੋਂ ਦਰਿਆ ਪਾਰ ਕਰਕੇ ਅੱਗੇ ਵਧਿਆ ਜਾਵੇ ਤਾਂ ਇਥੋਂ 14 ਮੀਲ ਅੱਗੇ ਦੱਖਣ ਪੂਰਬ ਵੱਲ ਮੁਦਗਲ (Mudgal) ਸੀ। ਜੋ ਮੁਦਗਲ ਤੋਂ ਇੰਗਲਗੀ ਸਿਧੀ ਲਾਇਨ ਵਿਚ ਮਿਲਾਇਆ ਜਾਵੇ



ਤਾਂ ਇਹ ਲਾਈਨ ਰਣ ਖੇਤਰ ਵਿਚੋਂ ਗੁਜ਼ਰੇਗੀ।

2. ਤਾਲੀਕੋਟਾ ਦੀ ਲੜਾਈ ਦਾ ਮੁੱਢ ਅਤੇ ਕਾਰਣ:

ਗੁਆਂਢੀ ਮੁਸਲਮਾਨ ਹੁਕਮਰਾਨ ਸਮੇਂ ਸਮੇਂ ਤੇ ਰਾਮ ਰਾਜਾ ਨਾਲ ਗੱਠਜੋੜ ਬਣਾਉਂਦੇ ਰਹੇ ਸਨ। ਉਨ੍ਹਾਂ ਇੱਕ ਦੂਜੇ ਖਿਲਾਫ ਉਸ ਦੀ ਹਮਾਇਤ ਵੀ ਪ੍ਰਾਪਤ ਕੀਤੀ ਸੀ। ਪਰ ਰਾਮ ਰਾਜਾ ਦੀ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਦਿਨੋ ਦਿਨ ਵਧਦੀ ਹੀ ਗਈ। ਉਹ ਹਥਿਆਰ ਜਿਹੜਾ ਉਹ ਉਨ੍ਹਾਂ ਵਿਰੁੱਧ ਵਰਤਦਾ ਆ ਰਿਹਾ ਸੀ, ਪੁੱਠਾ ਪੈਣ ਲੱਗਾ। ਉਹ ਮੁਸਲਮਾਨ

ਹੁਕਮਰਾਨਾਂ ਦੇ ਰਾਜਦੂਤਾ ਅਤੇ ਦੂਜੇ ਅਫਸਰਾਂ ਦੀ ਸ਼ਰੇਆਮ ਨਿਰਾਦਰੀ ਕਰਦਾ ਸੀ। ਇਸ ਤੋਂ ਛੁੱਟ ਅਹਿਮਦ ਨਗਰ ਵਿਰੁੱਧ ਦੀ ਲੜਾਈ ਵਿਚ ਵਿਜੈਨਗਰ ਦੇ ਸਿਪਾਹੀਆਂ ਤੇ ਰਾਮ ਰਾਜਾ ਨੇ ਚਣਕ ਨੀਤੀ ਦੀ ਨਕਲ ਕਰਦੇ ਹਰ ਕਿਸਮ ਦਾ ਜੁਲਮ ਢਾਹਿਆ ਸੀ। ਫਰਿਸ਼ਤਾ ਦੇ ਅਨੁਸਾਰ ਉਨ੍ਹਾਂ ਮੁਸਲਮਾਨ ਔਰਤਾਂ ਦੀ ਬੇਇੱਜ਼ਤੀ ਕੀਤੀ, ਮਸਜਿਦਾਂ ਢਾਹ ਦਿੱਤੀਆਂ ਅਤੇ ਪਵਿੱਤਰ ਕੁਰਾਨ ਤੱਕ ਦੀ ਵੀ ਪ੍ਰਵਾਹ ਨਾ ਕੀਤੀ। ਇਸ ਸਾਰ ਦਾ ਸਿੱਟਾ ਇਹ ਨਿਕਲਿਆ ਜਿਸ ਨੇ ਰਾਮ ਰਾਜਾ ਦੀਆਂ ਲੰਬੀਆਂ ਜਦੋ-ਜਹਿਦ ਦੀਆਂ ਸਾਰੀਆਂ ਪ੍ਰਾਪਤੀਆਂ ਉਪਰ ਪਾਣੀ ਫੇਰ ਦਿੱਤਾ।

ਮੁਸਲਮਾਨ ਹੁਕਮਰਾਨ ਆਪਣੀਆਂ ਨਿਤ ਦੀਆਂ ਲੜਾਈਆਂ ਦੇ ਹਰਖ ਵਿਚੋਂ ਬਾਹਰ ਨਿਕਲੇ। ਆਪਣੇ ਮਤਭੇਦਾਂ ਨੂੰ ਖਤਮ ਕਰਨ ਵਿਚ ਗੋਲਕੁੰਡਾ ਦੇ ਸੁਲਤਾਲ ਇਬਰਾਹੀਮ ਕੁਤਬਸ਼ਾਹ ਨੇ ਉੱਘੀ ਭੂਮਿਕਾ ਅਦਾ ਕੀਤੀ। ਅਲੀ ਆਦਲ ਸ਼ਾਹ ਅਤੇ ਹੁਸੈਨ ਨਿਜ਼ਾਮ ਸ਼ਾਹ ਦਰਮਿਆਨ ਸਮਝੌਤਾ ਕਰਵਾਇਆ। ਮੁਸਲਮਾਨ ਸੁਲਤਾਨ ਇਕੱਠੇ ਰਾਮ ਰਾਜਾ ਨਾਲ ਨਿਪਟਾਰਾ ਕਰਨ ਲਈ ਉਹ ਮੌਕੇ ਦੀ ਤਲਾਸ਼ ਕਰਨ ਲੱਗੇ। ਉਨ੍ਹਾਂ ਜੰਗ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਸ ਸਮੇਂ ਆਦਿਲ ਸ਼ਾਹ ਨੇ ਰਾਮ ਰਾਜਾ ਤੋਂ ਰਾਏਪੁਰ



ਅਤੇ ਮੁਦਕਲ ਦੇ ਖੇਤਰਾਂ ਅਤੇ ਕਿਲ੍ਹਿਆਂ ਦੀ ਵਾਪਸੀ ਦੀ ਮੰਗ ਕੀਤੀ। ਉਨ੍ਹਾਂ ਦੀ ਇਹ ਮੰਗ ਜਿਵੇਂ ਕਿ ਉਨ੍ਹਾਂ ਨੂੰ ਉਮੀਦ ਹੀ ਸੀ, ਰਾਮ ਰਾਜਾ ਦੁਆਰਾ ਠੁਕਰਾ ਦਿੱਤੀ ਗਈ।

3. ਕੂਚ ਅਤੇ ਮੋਰਚਾਬੰਦੀ:

ਮੰਗ ਦੇ ਠੁਕਰਾਏ ਜਾਣ ਦੇ ਨਾਲ ਹੀ ਬੀਜਾਪੁਰ, ਅਹਿਮਦ ਨਗਰ, ਬਿਦਰ ਅਤੇ ਗੋਲਕੁੰਡਾ ਦੀਆਂ ਸੰਯੁਕਤ ਫੌਜਾਂ ਵਿਜੈਨਗਰ ਵਲ 25 ਦਸੰਬਰ, 1564 ਨੂੰ ਚਲ ਪਈਆਂ ਅਤੇ ਉਨ੍ਹਾਂ ਤਾਲੀਕੋਟਾ ਨਾਮ ਦੇ ਪਿੰਡ ਵਿਚ ਡੇਰਾ ਜਾ ਲਾਇਆ ਜੋ ਕਿ ਬੀਜਾਪੁਰ ਦੇ ਦੱਖਣ ਪੂਰਬ ਵੱਲ 48 ਮੀਲ ਦੂਰ ਸਥਿਤ ਸੀ। ਰਾਮ ਰਾਜਾ ਨੇ ਚੁਣੌਤੀ ਨੂੰ ਕਬੂਲ ਕਰਦਿਆਂ ਆਪਣੀਆਂ ਸਮੁੱਚੀਆਂ ਫੌਜਾਂ ਨੂੰ ਅਤੇ ਸਮੁੱਚੇ ਸਰੋਤਾਂ ਨੂੰ ਲਾਮਬੰਦ ਕੀਤਾ ਅਤੇ ਦੁਸ਼ਮਣ ਲਈ ਟੱਕਰ ਲੈਣ ਵਾਸਤੇ ਚਲ ਪਿਆ। ਕੁਝ ਹੀ ਦਿਨਾਂ ਬਾਅਦ ਦੋਵੇਂ ਫੌਜਾਂ ਕਰਿਸ਼ਨਾ ਦਰਿਆ ਦੇ ਦੋਨਾਂ ਕਿਨਾਰਿਆਂ ਦੇ ਉਪਰ ਖੜ੍ਹੀ ਤੰਗਾਦਗੀ ਦੇ ਪੱਤਨ ਤੇ ਆ ਖੜ੍ਹੀਆਂ ਹੋਈਆਂ। ਦੋਹਾਂ ਕਿਨਾਰਿਆਂ ਉਪਰ ਸਾਹਮਣੇ ਖੜੀ ਫੌਜਾਂ ਦੀ ਸਥਿਤੀ ਸਿਕੰਦਰ ਅਤੇ ਪੋਰਸ ਦੇ ਲੜਾਈ ਤੋਂ ਪਹਿਲਾਂ ਦੀ ਫੌਜਾਂ ਦੀ ਤਾਇਨਾਤੀ ਦੀ ਸਥਿਤੀ ਨਾਲ ਮਿਲਦੀ ਜੁਲਦੀ ਸੀ। ਦਰਿਆ ਨੂੰ ਪਾਰ ਕਰਨ ਦੀ ਸਮੱਸਿਆ ਵੀ ਲਗਭਗ ਉਸ ਤਰ੍ਹਾਂ ਦੀ ਹੀ ਸੀ। ਬਾਅਦ ਵਿਚ ਦਰਿਆ ਉਸ ਚਾਲ ਨਾਲ ਹੀ ਸੁਲਤਾਨਾਂ ਦੁਆਰਾ ਪਾਰ ਕੀਤਾ ਗਿਆ ਸੀ।

ਰਾਮ ਰਾਜਾ ਨੇ ਕਰਿਸ਼ਨਾ ਦਰਿਆ ਦੇ ਦੱਖਣੀ ਕਿਨਾਰੇ ਤੇ ਵੱਡੀਆਂ ਤੋਪਾਂ ਬੀੜ ਕੇ ਖੰਦਕਾ ਪੁਟਾ ਕੇ ਰੱਖਿਆ ਦੇ ਮਜ਼ਬੂਤ

ਪ੍ਰਬੰਧ ਕਰ ਰਖੇ ਸਨ। ਉਸ ਨੇ ਆਪਣੀ ਫੌਜ ਅਤੇ ਲੜਾਈ ਦਾ ਸਮਾਨ ਤਿਆਰ ਕੀਤੇ ਗਏ ਮੋਰਚਿਆਂ ਅਤੇ ਤੋਪਾਂ ਦੇ ਪਿਛਾਹ ਰੱਖਿਆ ਹੋਇਆ ਸੀ। ਸੰਯੁਕਤ ਫੌਜਾਂ ਦੀ ਜਿਥੇ ਉਨ੍ਹਾਂ ਲੜਾਈ ਦਾ ਸਮਾਨ ਤਿਆਰ ਕੀਤੇ ਗਏ ਮੋਰਚਾ ਬੰਦੀ ਕੀਤੀ ਸੀ, ਦਰਿਆ ਪਾਰ ਕਰਨਾ ਬਹੁਤ ਮੁਸ਼ਕਿਲ ਸੀ। ਜੇਕਰ ਉਹ ਇਸ ਤਰ੍ਹਾਂ ਕਰਦੇ ਤਾਂ ਉਹਨਾਂ ਦਾ ਭਾਰੀ ਨੁਕਸਾਨ ਹੋਣਾ ਸੀ, ਇਸ ਲਈ ਉਹਨਾਂ ਨੇ ਇਕ ਚਾਲ ਚਲੀ। ਸੰਯੁਕਤ ਫੌਜਾਂ ਇਹ ਵਿਖਾਵਾ ਕਰਦੇ ਹੋਏ ਕਿ ਉਨ੍ਹਾਂ ਇਸ ਜਗ੍ਹਾ ਤੇ ਦਰਿਆ ਪਾਰ ਕਰਨ ਦਾ ਇਹ ਇਰਾਦਾ ਛੱਡ ਦਿੱਤਾ ਹੈ, ਦਰਿਆ ਦੇ ਉੱਤਰੀ ਕਿਨਾਰੇ ਦੇ ਨਾਂਲ ਪੂਰਬ ਵੱਲ ਨੂੰ ਚਲ ਪਏ ਅਤੇ ਲਗਾਤਾਰ ਦੋ ਦਿਨ ਤਕ ਚਲਦੇ ਰਹੇ। ਦੁਸ਼ਮਣ ਦੀ ਇਸ ਹਰਕਤ ਨੂੰ ਵੇਖ ਕੇ ਰਾਮ ਰਾਜਾ ਵੀ ਦਰਿਆ ਦੇ ਦੱਖਣੀ ਕਿਨਾਰੇ ਦੇ ਨਾਲ ਨਾਲ ਉਨ੍ਹਾਂ ਦੇ ਬਰਾਬਰ ਚਲਦਾ ਰਿਹਾ ਅਤੇ ਉਸ ਨੇ ਤੰਗਾਦਗੀ ਦੇ ਸਾਹਮਣੇ ਪੱਤਨ ਤੋਂ ਆਪਣੀਆਂ ਚੌਂਕੀਆਂ ਅਤੇ ਤੋਪਾਂ ਹਟਾ ਲਈਆਂ। ਦੋ ਦਿਨ ਤੁਰ ਕੇ ਜਾਣ ਤੋਂ ਬਾਅਦ ਸੰਯੁਕਤ ਦਲ ਦੇ ਜਰਨੈਲਾਂ ਨੇ ਫੌਜ ਦੀ ਇਕ ਛੋਟੀ ਜਿਹੀ ਟੁਕੜੀ ਨੂੰ ਉਸੇ ਦਿਸ਼ਾ ਵਲ ਅਗਾਂਹ ਤੌਰ ਦਿੱਤਾ ਅਤੇ ਵੱਡੀ ਗਿਣਤੀ ਵਿਚ ਘੋੜ ਸਵਾਰਾਂ ਨੂੰ ਉਲਟੀ ਦਿਸ਼ਾ ਵਿਚ ਜਾ ਕੇ ਜਲਦ ਹੀ ਤੰਗਾਦਗੀ ਦੇ ਪਤਨ ਦੇ ਪਹੁੰਚਣ ਦਾ ਹੁਕਮ ਦੇ ਦਿੱਤਾ। ਇਸ ਰਸਾਲੇ ਦੀ ਅਗਵਾਈ ਹੁਸੈਨ ਨਿਜਾਮ ਕਰ ਰਿਹਾ ਸੀ। ਰਾਮ ਰਾਜਾ ਦੀ ਨਜ਼ਰ ਵਿਚ ਆਏ ਬਗੈਰ ਇਹ ਘੋੜ ਸਵਾਰ 12 ਘੰਟਿਆਂ ਵਿਚ ਤੰਗਾਦਗੀ ਦੇ ਪੱਤਨ ਤੇ ਜਾ ਪਹੁੰਚੇ ਤੇ ਉਨ੍ਹਾਂ ਝੱਟ ਹੀ ਦਰਿਆ ਪਾਰ ਕਰ ਅਗਲੇ ਦਿਨ ਉਨ੍ਹਾਂ ਦੀ ਰਹਿੰਦੀ ਫੌਜ ਨੂੰ ਵਾਪਿਸ ਚਲਣ ਦਾ ਹੁਕਮ ਭੇਜ ਦਿੱਤਾ। ਜਲਦੀ ਹੀ ਦੋਨੋਂ ਫੌਜਾਂ ਸਾਹਮਣੇ ਆ ਪਹੁੰਚੀਆਂ।

4. ਫੌਜ਼ਾਂ ਦੀ ਤੈਨਾਤੀ

ਲੜਾਈ 5 ਜਨਵਰੀ, 1565 ਨੂੰ ਰਕਾਸਗੀ ਤੰਗਾਦਗੀ ਪਿੰਡ ਦੀ ਕੋਲ ਹੋਈ, ਇਹ ਤਾਲੀਕੋਟਾ ਤੋਂ 15 ਕਿਲੋਮੀਟਰ ਦੱਖਣ ਵੱਲ ਹੈ। ਇਕ ਪੁਰਤਗਾਲੀ ਲੇਖਕ ਦੇ ਅਨੁਸਾਰ ਮੁਸਲਮਾਨ ਸੈਨਾ ਦੀ ਗਿਣਤੀ 50,000 ਘੋੜ ਸਵਾਰ ਤੇ 3000 ਪੈਦਲ ਫੌਜੀ ਸਨ। 3000 ਵਿਚ ਉਹ ਆਦਮੀ ਵੀ ਸ਼ਾਮਿਲ ਸਨ ਜੋ ਵੱਡੀਆਂ ਛੋਟੀਆਂ ਰੱਥਾਂ ਨਾਲ ਚਲਾਉਣ ਵਾਲੀਆਂ ਤੋਪਾਂ (ਜਿਨ੍ਹਾਂ ਦੀ ਗਿਣਤੀ 600 ਸੀ) ਚਲਾਉਂਦੇ ਸਨ, ਇਹਨਾਂ ਕੋਲ ਹਾਥੀ ਵੀ ਕਾਫੀ ਗਿਣਤੀ ਵਿਚ ਸਨ। ਮੁਸਲਮਾਨੀ ਹਮਲੇ ਦੀ ਅਗਲੀ ਨੋਕ ਤੇ ਲਗਭਗ 8000 ਤੁਰਕੀ ਘੋੜ ਸਵਾਰਾਂ ਦੀ ਚੋਣਵੀਂ ਜਥੇਬੰਦੀ ਸੀ। ਸੰਯੁਕਤ ਦਲ ਦੀਆਂ ਫੌਜਾਂ ਆਪਣੇ ਰਾਜ ਖੇਤਰ ਅਨੁਸਾਰ ਵੰਡੀਆਂ ਹੋਈਆਂ ਸਨ। ਬਿਦਰ ਅਤੇ ਗੋਲਕੁੰਡਾ ਦੀਆਂ ਫੌਜਾਂ, ਜਿਨ੍ਹਾਂ ਵਿਚ ਵੱਡੀ ਗਿਣਤੀ ਗੋਲਕੁੰਡਾ ਦੀਆਂ ਫੌਜਾਂ ਦੀ ਸੀ, ਮੈਦਾਨ ਵਿਚ ਖੱਬੇ ਪਾਸੇ ਤੈਨਾਤ ਕੀਤੀਆਂ ਸਨ। ਇਹਨਾਂ ਦੀ ਅਗਵਾਈ ਕੁਤਬ ਸ਼ਾਹ ਕਰ ਰਿਹਾ ਸੀ। ਸੱਜੇ ਪਾਸੇ ਬੀਜਾਪੁਰ ਦੀ ਫੌਜ ਤੈਨਾਤ ਕੀਤੀ ਗਈ ਸੀ। ਇਸ ਦੀ ਅਗਵਾਈ ਆਦਲ ਸ਼ਾਹ ਕਰ ਰਿਹਾ ਸੀ। ਕੇਂਦਰ ਵਿਚ ਅਹਿਮਦ ਨਗਰ ਦੀ ਫੌਜ ਸੀ। ਇਸ ਦੀ ਅਗਵਾਈ ਹੁਸੈਨ ਨਿਜ਼ਾਮ ਸ਼ਾਹ ਕਰ ਰਿਹਾ ਸੀ। ਬਾਬਰ ਫੌਜ਼ ਦੀ ਤਰ੍ਹਾਂ 200 ਵੱਡੀਆਂ ਤੋਪਾ ਮੁਹਰਲੀ ਕਤਾਰ ਵਿੱਚ ਖੜੀਆ ਸਨ, ਇਹਨਾਂ ਨੂੰ ਸੰਗਲਾਂ ਤੇ ਰੱਸਿਆਂ ਨਾਲ ਬੰਨ੍ਹਿਆ ਹੋਇਆ ਸੀ। ਘੋੜ ਸਵਾਰਾਂ ਦੇ ਲੰਘਣ ਵਾਸਤੇ ਖੁਲ੍ਹੀਆਂ ਥਾਵਾਂ ਦੀ ਵੰਡੀਆਂ ਹੋਈਆਂ ਸਨ। ਦਰਮਿਆਨੇ ਅਕਾਰ ਦੀਆਂ 320 ਦੂਸਰੀਆਂ ਤੋਪਾਂ ਉਨ੍ਹਾਂ ਨੇ ਮਗਰ ਬੀੜੀਆਂ ਸਨ। ਇਸ ਦੂਸਰੀ ਕਤਾਰ ਦੇ ਪਿਛੇ 200 ਜੰਬੂਰਕਾਂ ਦੀ ਕਤਾਰ ਖੜ੍ਹੀ ਕੀਤੀ ਗਈ ਸੀ। ਜੰਬੂਰਕ ਬੰਦੂਕ ਨਾਲੋਂ ਅਕਾਰ ਤੇ ਮਾਰ ਵਿਚ ਵੱਡੇ ਸਨ। ਤੋਪਾ ਦੀ ਮੁਹਰਲੀ ਕਤਾਰ ਦੇ ਮੂਹਰੇ ਯੋਗ ਤੀਰਮਾਰਾਂ ਦੀ ਕਾਫੀ ਵੱਡੀ ਗਿਣਤੀ ਤੈਨਾਤ ਕੀਤੀ ਗਈ। ਉਨ੍ਹਾਂ ਨੂੰ ਪੈਦਲ ਫੌਜੀ, ਘੋੜ ਸਵਾਰ ਅਤੇ ਹਾਥੀ ਤੋਪਾਂ ਦੇ ਪਿਛੇ ਖੜੇ ਕੀਤਾ ਗਿਆ ਸੀ।

ਰਾਮ ਰਾਜਾ ਦੀ ਫੌਜਾਂ ਦੀ ਗਿਣਤੀ ਬਾਰੇ ਵੱਖ ਵੱਖ ਭਾਰਤੀ ਇਤਿਹਾਸਕਾਰਾਂ ਅਤੇ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਉਸ ਕੋਲ ਆਖਿਆ ਗਿਆ ਹੈ ਕਿ ਕੋਈ 10 ਲੱਖ ਦੇ ਲਗਭਗ ਫੌਜ ਸੀ[1]। ਸਰ ਜਾਦੂ ਨਾਥ ਸਰਕਾਰ ਨੇ ਲਿਖਿਆ ਹੈ ਕਿ ਉਸ ਦੀ ਫੌਜ ਵਿੱਚ 60,000 ਸਭ ਪ੍ਰਕਾਰ ਦੇ ਘੋੜਸਵਾਰ, ਇੱਕ ਲੱਖ ਦੇ ਕਰੀਬ ਪੈਦਲ ਫੌਜ, 1000 ਹਾਥੀ, ਕੁਝ ਪੁਰਾਣੀਆਂ ਤੋਪਾਂ ਤੇ ਕੁਝ ਸੌ ਹਵਾਈ ਸ਼ਾਸਤਰ ਸਨ। ਘੋੜਸਵਾਰਾਂ ਕੋਲ ਭਾਲੇ ਅਤੇ ਤਲਵਾਰਾਂ ਸਨ। ਮੈਦਾਨ ਵਿਚ ਉਸ ਦੀ ਫੌਜ ਦੀ ਸੱਜੀ ਬਾਹੀ ਦੀ ਅਗਵਾਈ ਰਾਮ ਰਾਜਾ ਦਾ ਭਰਾ ਵੈਨਕਟਾਂਦਰੀ ਕਰ ਰਿਹਾ ਸੀ। ਖੱਬੀ ਬਾਹੀ ਦਾ ਨੇਤਾ ਦੂਸਰਾ ਭਰਾ ਤਿਰੂਮਲ ਅਤੇ ਆਪ ਰਾਮ ਰਾਜਾ ਕੇਂਦਰ ਵਿਚ ਫੌਜ ਦੀ ਅਗਵਾਈ ਕਰ ਰਿਹਾ ਸੀ।

5. ਲੜਾਈ

5 ਜਨਵਰੀ ਨੂੰ ਦੁਪਹਿਰ ਦੇ ਸਮੇਂ ਦੋਹਾਂ ਫੌਜਾਂ ਦੀਆਂ ਵੱਡੀਆਂ ਤੋਪਾਂ ਦੀ ਗੋਲਾਬਾਰੀ ਨਾਲ ਜੰਗ ਸ਼ੁਰੂ ਹੋਈ। ਫਿਰ ਵਿਜੈਨਗਰ ਦੀਆਂ ਦੋਹਾਂ ਫੌਜਾਂ ਨੇ ਮੁਸਲਿਮ ਫੌਜਾਂ ਦੀਆਂ ਬਾਹੀਆਂ ਉਪਰ ਜ਼ੋਰਦਾਰ ਹੱਲੇ ਬੋਲੇ। ਜਦੋਂ ਹਿੰਦੂ ਸੱਜੀ ਬਾਹੀ ਨੇ ਜ਼ੋਰ ਭਰਪੂਰ ਪਹਿਲਾ ਹੱਲਾ ਕਰਕੇ ਗੋਲਕੁੰਡਾ ਦੀ ਫੌਜ ਨੂੰ ਪਿਛਾਂਹ ਧੱਕ ਦਿੱਤਾ ਉਸ ਨੇ ਜਿੱਤ ਵਾਲੇ ਉਤਸ਼ਾਹ ਨੂੰ ਜਾਰੀ ਰੱਖਿਆ ਪਰ ਦੁਸ਼ਮਣ ਨੂੰ ਭਾਂਜ ਨਾ ਦਿੱਤੀ। ਗੋਲਕੁੰਡਾ ਅਤੇ ਬਿਦਰ ਦੀਆਂ ਫੌਜਾਂ ਦੇ ਸਾਹਮਣੇ ਦੀਆਂ ਹਿੰਦੂ ਫੌਜਾਂ ਦੀ ਅਗਵਾਈ ਰਾਮ ਰਾਜਾ ਦਾ ਭਰਾ ਤਿਰੂਮਲ ਕਰ ਰਿਹਾ ਸੀ। ਤਿਰੂਮਲ ਨੇ ਆਪਣੇ ਪੁੱਤਰ ਦੀ ਸਹਾਇਤਾ ਨਾਲ ਮੁਸਲਮਾਨ ਫੌਜਾਂ ਨੂੰ ਪਿੱਛੇ ਧੱਕ ਦਿੱਤਾ। ਪਰ ਇਥੇ

ਤਿਰੂਮਲ ਅਤੇ ਉਹਦਾ ਪੁੱਤਰ ਸਖਤ ਜ਼ਖ਼ਮੀ ਹੋ ਗਏ, ਜਦ ਇਹਨਾਂ ਦੇ ਜ਼ਖਮੀ ਹੋਣ ਦੀ ਖਬਰ ਰਾਮ ਰਾਜੇ ਕੋਲ ਪਹੁੰਚੀ ਤਦ ਉਸ ਨੇ ਮੁਸਲਮਾਨ ਫੌਜਾਂ ਤੇ ਜ਼ੋਰਦਾਰ ਹਮਲਾ ਕੀਤਾ। ਇਸ ਅਚਾਨਕੀ ਹਮਲੇ ਵਿਚ ਮੁਸਲਮਾਨੀ ਫੌਜਾਂ ਕੋਈ 1.5 ਮੀਲ ਪਿਛੇ ਵੱਲ ਧੱਕ ਦਿੱਤੀਆਂ ਅਤੇ ਇਸ ਹਮਲੇ ਵਿਚ ਮੁਸਲਮਾਨ ਫੌਜ ਦੇ 2000 ਦੇ ਨੇੜੇ ਤੇੜੇ ਆਦਮੀ ਮਾਰੇ ਗਏ ਜਾਂ ਜ਼ਖ਼ਮੀ ਹੋ ਗਏ।

ਸੰਗਠਿਤ ਫੌਜਾਂ ਦੇ ਤੋਪਖਾਨੇ ਨੇ ਰਾਮ ਰਾਜਾ ਦੀਆਂ ਆਪ ਮੁਹਾਰੇ ਵਧੀਆ ਆਉਂਦੀਆਂ ਫੌਜਾਂ ਦਾ ਭਾਰੀ ਨੁਕਸਾਨ ਕੀਤਾ। ਪਰ ਫਿਰ ਵੀ ਤਿੰਨ ਘੰਟੇ ਦੀ ਲੜਾਈ ਵਿਚ ਪਾਸਾ ਕਦੇ ਇਧਰ ਪਲਟਦਾ ਨਜ਼ਰ ਆਉਂਦਾ ਸੀ ਕਦੇ ਉਧਰ। ਇਸ ਸਮੇਂ ਜਦੋਂ ਕਿ ਲੜਾਈ ਦੇ ਹੋਣੀ ਬਾਰੇ ਮੁਕੰਮਲ ਅਨਿਸ਼ਚਿਤਤਾ ਫੈਲੀ ਹੋਈ ਸੀ ਅਤੇ ਲੜਾਈ ਕੁਝ ਦੇਰ ਲਈ ਜਿਵੇਂ ਰੁਕ ਗਈ ਸੀ। ਨਿਜ਼ਾਮ ਸ਼ਾਹ ਨੇ ਆਪਦੀਆਂ ਕਤਾਰਾਂ ਦੇ ਮੁਹਰੇ ਇਕ ਸ਼ਾਹੀ ਤੰਬੂ ਗੱਡ ਲਿਆ। ਇਸ ਦਾ ਅਰਥ ਇਹ ਸੀ ਕਿ ਹੁਣ ਜੰਗ, ਜਿੱਤਣ ਵਾਸਤੇ ਜਾਨ ਤਕ ਕੁਰਬਾਨ ਕਰ ਦੇਵਾਂਗੇ, ਪਰ ਪਿਛੇ ਨਹੀਂ ਹਟਾਂਗੇ। ਉਧਰ ਰਾਮ ਰਾਜਾ ਵੀ ਇਨ੍ਹਾਂ ਚਾਲਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਰਾਮ ਰਾਜਾ ਨੇ ਵੀ ਬਹਾਦਰੀ ਨਾਲ ਲੜਨ ਵਾਲੇ ਨੂੰ ਖੁਲੇ ਹੱਥੀਂ ਇਨਾਮ ਦੇਣੇ ਸ਼ੁਰੂ ਕਰ ਦਿਤੇ। ਰਾਮ ਰਾਜਾਂ ਨੇ ਕੇਂਦਰੀ ਫੌਜਾਂ ਨੂੰ ਲੈ ਕੇ ਵੈਰੀ ਤੇ ਦੂਸਰਾ ਹਮਲਾ ਬੋਲ ਦਿੱਤਾ ਪਰ ਉਸ ਦੀ ਫੌਜ ਜਲਦੀ ਹੀ ਖ਼ਤਰਨਾਕ ਤੋਪਾਂ ਦੀ ਮਾਰ ਹੇਠ ਆ ਗਈ। ਫੌਜ ਵਿਚ ਹਰ ਪਾਸੇ ਹਲਚਲ ਮਚ ਗਈ। ਫੌਜ ਦੇ ਕੋਈ 5000 ਜਵਾਨ ਮਾਰੇ ਗਏ। ਠੀਕ ਇਸ ਸਮੇਂ ਵਿਜੈਨਗਰ ਦੇ ਦੋ ਮੁਸਲਮਾਨ ਜਰਨੈਲ ਆਪਣੀਆਂ ਫੌਜਾਂ ਨੂੰ ਲੈ ਕੇ ਵੈਰੀ ਦੀਆਂ ਫੌਜਾਂ ਵਿਚ ਸ਼ਾਮਲ ਹੋ ਗਏ।

ਇਸ ਮੌਕੇ ਤੇ ਸੰਯੁਕਤ ਦਲ ਦੇ ਖੁਰਾਸਾਨੀ ਘੋੜਸਵਾਰਾਂ ਦਾ ਦਸਤਾ ਰਾਮ ਰਾਜਾ ਦੇ ਹਾਥੀਆਂ, ਘੋੜਸਵਾਰਾਂ ਅਤੇ ਪੈਦਲਾਂ ਉਪਰ ਝਪਟਿਆ। ਕਿਸ਼ਵਾ ਖਾਂ ਅਤੇ ਨਿਜ਼ਾਮ ਸ਼ਾਹ ਅਧੀਨ ਲਗਭਗ 7000 ਘੋੜਸਵਾਰਾਂ ਦਾ ਤੁਰਕੀ ਰਸਾਲਾ ਵੀ ਤੇਜ਼ੀ ਨਾਲ ਤੋਪਾਂ ਵਿਚ ਰਖੀਆਂ ਵਿਥਾਂ ਵਿਚੋਂ ਨਿਕਲਿਆ ਅਤੇ ਆਪਣੇ ਵੈਰੀਆਂ ਨੂੰ ਪੈ ਗਿਆ। ਉਨ੍ਹਾਂ ਨਾਲ ਹਾਥੀਆਂ ਦਾ ਇਕ ਦਲ ਵੀ ਸੀ। ਇਸ ਦਲ ਦੇ ਇੱਕ ਮਸਤ ਹਾਥੀ ਨੇ ਰਾਮ ਰਾਜਾ ਦੀ ਪਾਲਕੀ ਉਪਰ ਹਮਲਾ ਕਰ ਦਿੱਤਾ। ਰਾਮ ਰਾਜਾ ਮੈਦਾਨ ਵਿਚੋਂ ਭੱਜਣ ਦੀ ਕੋਸ਼ਿਸ਼ ਵਿਚ ਸੀ, ਪਰ ਫੜਿਆ ਗਿਆ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਰਾਮ ਰਾਜਾ ਦੀਆਂ ਫੌਜਾਂ ਹਾਰ ਚੁੱਕੀਆਂ ਸਨ। ਵੈਨਕਟਾਦਰੀ ਜਾਨ ਬਚਾ ਕੇ ਰਾਜਧਾਨੀ ਪਹੁੰਚ ਚੁੱਕਾ ਸੀ, ਪਿਛਾਂਹ ਰਹਿ ਗਹੀ ਉਸ ਦੀ ਫੌਜ ਦਾ ਕਤਲੇਆਮ ਹੋ ਰਿਹਾ ਸੀ। ਮੁਸਲਮਾਨ ਫੌਜਾਂ ਨੇ ਵਿਜੈਨਗਰ ਸਮਾਰਾਜ ਨੂੰ ਇਸ ਹੱਦ ਤੱਕ ਲੁੱਟਿਆ ਕਿ ਉਹ ਮੁੜ ਕਦੇ ਉਠ ਨਾ ਸਕਿਆ।

ਤਾਲੀਕੋਟਾ ਦੀ ਲੜਾਈ ਦੀ ਹਾਰ ਤੋਂ ਬਾਅਦ ਦੱਖਣੀ ਭਾਰਤ ਵਿੱਚ ਹਿੰਦੂਆਂ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਅਤੇ ਮੁਸਲਮਾਨ ਸ਼ਾਸਕਾਂ ਦਾ ਪ੍ਰਭਾਵ ਵੱਧਣ ਲੱਗਾ। ਇਸ ਲੜਾਈ ਵਿਚ ਪਹਿਲੀ ਵਾਰ ਭਾਰਤ ਵਿੱਚ ਤੋਪਾਂ ਵਿੱਚ ਗੋਲਿਆਂ ਦੀ ਥਾਂ ਮੋਟੇ ਤਾਂਬੇ ਦੇ ਸਿੱਕੇ ਪ੍ਰਯੋਗ ਵਿਚ ਲਿਆਂਦੇ ਗਏ। ਇਹ ਇਕ ਨਿਣੈਜਨਕ ਲੜਾਈ ਸੀ ਜਿਸ ਨੇ ਮਹਾਨ ਵਿਜੈਨਗਰ ਸਾਮਰਾਜ ਦਾ ਅੰਤ ਕਰ ਦਿੱਤਾ।

ਤਾਲੀਕੋਟਾ ਦੀ ਲੜਾਈ ਵਿਚ ਸਰ ਜਾਦੂ ਨਾਥ ਸਰਕਾਰ ਦੇ ਅਨੁਸਾਰ ਰਾਮ ਰਾਜਾ ਦੇ 16,000 ਦੇ ਕਰੀਬ ਸੈਨਿਕ ਜੰਗ ਦੇ ਮੈਦਾਨ ਵਿਚ ਮਾਰੇ ਗਏ ਅਤੇ ਇਸ ਤੋਂ ਤਿੰਨ ਗੁਣਾ ਫੱਟੜ ਹੋ ਗਏ। ਰਾਮ ਰਾਜਾ ਖੁਦ ਜੰਗ ਦੇ ਮੈਦਾਨ ਵਿਚ ਕਤਲ ਕਰ ਦਿੱਤਾ ਗਿਆ। ਰਾਮ ਰਾਜਾ ਦਾ ਭਰਾ ਵੈਨਕਟਾਦਰੀ ਆਪਣੀ ਜਾਨ ਬਚਾ ਕੇ ਭੱਜ ਗਿਆ। ਪਰ ਰਾਮ ਰਾਜਾ ਦਾ ਦੂਜਾ ਭਰਾ ਤੀਰੂ ਮੱਲ ਅਤੇ ਉਸ ਦਾ ਲੜਕਾ ਰਘੂ ਨਾਥ ਜੰਗ ਦੇ ਮੈਦਾਨ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਦਾ ਬਾਅਦ ਦੇ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਆਉਂਦਾ। ਇਸ ਲਈ ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਉਹ ਜੰਗ ਦੇ ਮੈਦਾਨ ਵਿਚ ਮਾਰੇ ਗਏ। ਦੂਜੇ ਪਾਸੇ ਮੁਸਲਮਾਨ ਸੈਨਿਕ ਵੀ ਤਿੰਨ ਹਜ਼ਾਰ ਦੇ ਕਰੀਬ ਜੰਗ ਦੇ ਮੈਦਾਨ ਵਿਚ ਮਾਰੇ ਗਏ।

6. ਵਿਸ਼ਲੇਸ਼ਣ:

ਜਿੱਤ ਹਾਰ ਦੇ ਕਾਰਣ ਤਾਲੀਕੋਟਾ ਦੀ ਲੜਾਈ ਵਿਚ ਮੁਸਲਮਾਨ ਸੰਯੁਕਤ ਸੈਨਾ ਨੇ ਰਾਮ ਰਾਜਾ, ਵੈਨਕਟਾਦਰੀ ਅਤੇ ਤੀਰੂਮਲ ਉੱਤੇ ਜਿੱਤ ਪ੍ਰਾਪਤ ਕਰਕੇ ਹਿੰਦੂ ਸਾਮਰਾਜ ਦਾ ਅੰਤ ਕਰ ਦਿੱਤਾ। ਹਿੰਦੂ ਸੈਨਾ ਦੀ ਹਾਰ ਦਾ ਮੁੱਖ ਕਾਰਨ, ਘਟੀਆ ਕਿਸਮ ਦਾ ਫੌਜੀ ਸਾਜੋ ਸਮਾਨ ਸੀ, ਹਿੰਦੂ ਸੈਨਾ ਕੋਲ ਕਮਜ਼ੋਰ ਘੋੜ ਸਵਾਰ ਸੈਨਾਂ, ਪੈਦਲ ਸੈਨਾ ਅਤੇ ਪੁਰਾਣੀਆਂ ਤੋਪਾਂ ਸਨ ਜਦੋਂ ਕਿ ਮੁਸਲਮਾਨ ਸੰਯੁਕਤ ਸੈਨਾ ਕੋਲ ਹਿੰਦੂ ਸੈਨਾ ਦੇ ਮੁਕਾਬਲੇ ਵਿਚ ਆਧੁਨਿਕ ਕਿਸਮ ਦਾ ਫੌਜੀ ਸਾਜੋ ਸਮਾਨ ਸੀ।

ਰਾਮ ਰਾਜਾ ਕੋਲ ਬੇਸ਼ਕ 60 ਹਜ਼ਾਰ ਦੇ ਕਰੀਬ ਘੋੜ ਸਵਾਰ ਸੈਨਾ ਸੀ ਪਰ ਉਨ੍ਹਾਂ ਨੂੰ ਕਿਸੇ ਦੀ ਸਿਖਲਾਈ ਨਹੀਂ ਮਿਲੀ ਹੋਈ ਸੀ ਅਤੇ ਨਾ ਹੀ ਘੋੜੇ ਚੰਗੀ ਨਸਲ ਦੇ ਸਨ। ਰਾਮ ਰਾਜਾ ਨੇ ਆਪਣੇ ਰਾਜ ਵਿਚ ਜਿਸ ਕੋਲ ਘੋੜਾ ਸੀ ਉਸ ਨੂੰ ਆਪਣੀ ਸੈਨਾ ਵਿਚ ਸ਼ਾਮਲ ਕਰ ਲਿਆ ਸੀ। ਇਸ ਦੇ ਮੁਕਾਬਲੇ ਵਿਚ ਮੁਸਲਮਾਨ ਸੰਯੁਕਤ ਸੈਨਾ ਕੋਲ 50 ਹਜ਼ਾਰ ਦੇ ਕਰੀਬ ਘੋੜ ਸਵਾਰ ਸੈਨਾ ਸੀ। ਪਰ ਉਨ੍ਹਾਂ ਕੋਲ ਚੰਗੀ ਨਸਲ, ਕੱਦ ਕਾਠ ਵਾਲੇ ਤੁਰਕੀ ਅਤੇ ਖੁਰਾਸਾਨੀ ਘੋੜੇ ਸਨ। ਬੀਜਾਪੁਰ ਦੇ ਸੁਲਤਾਨ ਆਦਿਲ ਸ਼ਾਹ ਨੇ ਤਾਲੀਕੋਟਾ ਦੀ ਲੜਾਈ ਤੋਂ ਕੁਝ ਸਾਲ ਪਹਿਲਾਂ ਹੀ ਗੋਆ ਦੀ ਬੰਦਰਗਾਹ ਤੇ ਵਿਕਰੀ ਲਈ ਆਏ ਅਰਬੀ ਘੋੜੇ ਖਰੀਦੇ

ਸਨ। ਮੁਸਲਮਾਨ ਸੰਯੁਕਤ ਸੈਨਾ ਕੋਲ ਅੱਠ ਹਜ਼ਾਰ ਘੋੜ ਸਵਾਰ ਤਾਂ ਬਹੁਤ ਹੀ ਤਾਕਤਵਰ ਸਨ।

ਮੁਸਲਮਾਨ ਸੈਨਾ ਦੀ ਜਿੱਤ ਦਾ ਹੋਰ ਵੱਡਾ ਕਾਰਨ ਉਨ੍ਹਾਂ ਦਾ ਆਧੁਨਿਕ ਤੋਪਖਾਨਾ ਸੀ ਜਦੋਂ ਕਿ ਰਾਮ ਰਾਜਾ ਕੋਲ ਪੁਰਾਣੀਆਂ ਤੋਪਾਂ ਸਨ। ਮੁਸਲਮਾਨ ਸੰਯੁਕਤ ਸੈਨਾ ਨੇ ਆਪਣੀਆਂ ਤੋਪਾਂ ਵਿਚ ਗੋਲੀਆਂ ਦੀ ਥਾਂ ਤਾਂਬੇ ਦੇ ਸਿੱਕੇ ਪਾਏ ਸਨ। ਜਿਨ੍ਹਾਂ ਦੀ ਬੁਛਾੜ ਕਾਰਨ ਹਿੰਦੂ ਸੈਨਾ ਦਾ ਬਹੁਤ ਨੁਕਸਾਨ ਹੋਇਆ ਸੀ। ਅਹਿਮਦ ਨਗਰ ਦੇ ਸ਼ਾਸ਼ਕ ਹੁਸੈਨ ਸ਼ਾਹ ਦੇ ਤੋਪਖਾਨੇ ਦਾ ਮੁੱਖੀ ਚਲੇਬੀ ਰੂਮੀ ਖਾਂ ਬਹੁਤ ਹੀ ਕੁਸ਼ਲ ਅਤੇ ਸਮਝਦਾਰ ਸੀ। ਮੁਸਲਮਾਨ ਸੈਨਾ ਕੋਲ ਤੋਪਾਂ ਵੀ ਤਿੰਨ ਕਿਸਮ ਦੀਆਂ ਸਨ। ਲੋੜ ਮੁਤਾਬਕ ਇਨ੍ਹਾਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ।

ਮੁਸਲਮਾਨ ਸੈਨਾ ਪੂਰੀ ਤਰ੍ਹਾਂ ਜਰਾਬਕਤਰ ਨਾਲ ਲੈਸ ਸੀ ਜਿਸ ਕਾਰਨ ਮੁਸਲਮਾਨ ਸੈਨਿਕਾਂ ਦਾ ਬਹੁਤ ਘੱਟ ਨੁਕਸਾਨ ਹੁੰਦਾ ਸੀ। ਜਦੋਂ ਕਿ ਹਿੰਦੂ ਸੈਨਿਕ ਆਪਣੇ ਸਰੀਰ ਤੇ ਇਕ ਲੰਗੋਟੀ ਤੇ ਇਕ ਪੱਗ ਤੋਂ ਬਿਨਾ ਹੋਰ ਕੁਝ ਨਹੀਂ ਲੈਂਦੇ ਸਨ ਜਿਸ ਕਾਰਨ ਹਿੰਦੂ ਸੈਨਾ ਦਾ ਬਹੁਤ ਜਿਆਦਾ ਨੁਕਸਾਨ ਹੁੰਦਾ ਸੀ। ਹਿੰਦੂ ਸੈਨਾ ਕੋਲ ਕਮਾਨਾਂ ਵੰਝ ਦੀਆਂ ਬਣਾਈਆਂ ਹੋਈਆਂ ਸਨ। ਜਿਨ੍ਹਾਂ ਨਾਲ ਤੀਰ ਬਹੁਤ ਥੋੜ੍ਹੀ ਦੂਰੀ ਤੇ ਸੁੱਟੇ ਜਾ ਸਕਦੇ। ਮੁਸਲਮਾਨ ਸੈਨਿਕ ਕੋਲ ਮਿਸ਼ਰਤ ਕਮਾਨਾਂ ਸਨ ਜਿਨ੍ਹਾਂ ਨਾਲ ਦੂਰ ਤੱਕ ਤੇਜ਼ੀ ਨਾਲ ਤੀਰ ਚਲਾਏ ਜਾ ਸਕਦੇ ਸਨ। ਮੁਸਲਮਾਨ ਸੈਨਿਕਾਂ ਕੋਲ 16 ਫੁੱਟ ਲੰਬੇ ਨੇਜ਼ੇ ਸਨ। ਜਿਨ੍ਹਾਂ ਦੀ ਮਦਦ ਨਾਲ ਹਾਥੀ ਚਾਲਕਾਂ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਸੀ।

ਹਿੰਦੂ ਸੈਨਾ ਦੀ ਹਾਰ ਦਾ ਇਕ ਹੋਰ ਕਾਰਨ ਉਨ੍ਹਾਂ ਦੇ ਬੁੱਢੇ ਜਰਨੈਲ ਵੀ ਸਨ। ਰਾਮ ਰਾਜਾ ਦੀ ਉਮਰ 80 ਸਾਲ ਤੋਂ ਵੱਧ ਸੀ ਅਤੇ ਤੀਰੂ ਮੱਲ ਅਤੇ ਵੈਨਕਟਾਦਰੀ ਵੀ 60 ਸਾਲ ਤੋਂ ਵੱਧ ਸਨ। ਰਾਮ ਰਾਜਾ ਨੇ ਇਕ ਹੋਰ ਵੱਡੀ ਗਲਤੀ ਇਹ ਵੀ ਕੀਤੀ ਸੀ ਕਿ ਆਪਣੇ ਅਧੀਨ ਛੋਟੇ ਕਮਾਂਡਰਾਂ ਦੀ ਨਿਯੁਕਤੀ ਨਹੀਂ ਕੀਤੀ ਸੀ। ਜਦੋਂ ਵੈਨਕਟਾਦਰੀ ਅਤੇ ਰਾਮ ਰਾਜਾ ਮਾਰੇ ਗਏ ਤਾਂ ਉਨ੍ਹਾਂ ਦੀ ਫੌਜ ਨੂੰ ਕਮਾਂਡ ਕਰਨ ਵਾਲਾ ਕੋਈ ਨਾ ਰਿਹਾ। ਜਦੋਂ ਕਿ ਮੁਸਲਮਾਨ ਸੈਨਾ ਨੇ ਜਰਨੈਲ ਦੇ ਅਧੀਨ ਛੋਟੇ ਕਮਾਂਡਰਾਂ ਦੀ ਨਿਯੁਕਤੀ ਹੋਈ ਸੀ। ਗੋਲਕੁੰਡਾ ਦੀ ਫੌਜ ਦਾ ਛੋਟਾ ਕਮਾਂਡਰ ਮੁਸਤਫਾਹ ਖਾਂ ਸੀ, ਬੀਜਾਪੁਰ ਦੀ ਫੌਜ ਦਾ ਛੋਟਾ ਕਮਾਂਡਰ ਕਿਸ਼ਵਰ ਖਾਂ ਲਾਰੀ ਸੀ ਅਤੇ ਅਹਿਮਦ ਨਗਰ ਦੀ ਫੌਜ ਦਾ ਕਮਾਂਡਰ ਖਿਲਾਸ ਖਾਂ ਸੀ।

ਮੁਸਲਮਾਨ ਸੰਯੁਕਤ ਸੈਨਾ ਨੇ ਜਿੱਤ ਪ੍ਰਾਪਤ ਕਰਨ ਲਈ ਕਈ ਜੰਗੀ ਚਾਲਾਂ ਦੀ ਵਰਤੋਂ ਕੀਤੀ। ਅਹਿਮਦ ਨਗਰ ਦੇ ਸੁਲਤਾਨ ਹੁਸੈਨ ਨਿਜ਼ਾਮ ਸ਼ਾਹ ਨੇ ਆਪਣੇ ਤੋਪਖਾਨੇ ਦੇ ਸਾਹਮਣੇ ਘੋੜ ਸਵਾਰ ਸੈਨਾ ਨੂੰ ਖੜਾ ਕਰ ਦਿੱਤਾ ਜਦੋਂ ਰਾਮ ਰਾਜਾ ਦੀ ਸੈਨਾ ਘੋੜ ਸਵਾਰ ਸੈਨਾ ਦਾ ਮੁਕਾਬਲਾ ਕਰਨ ਲਈ ਅੱਗੇ ਵਧੀ ਤਾ ਹੁਸੈਨ ਨਿਜ਼ਾਮ ਸ਼ਾਹ ਨੇ ਆਪਣੀ ਘੋੜ ਸਵਾਰ ਸੈਨਾ ਨੂੰ ਪਿੱਛੇ ਹਟਾ ਲਿਆ ਅਤੇ ਤੋਪਾਂ ਦੁਆਰਾ ਹਮਲਾ ਕਰ ਦਿੱਤਾ। ਇਸ ਧੋਖੇ ਵਾਲੇ ਹਮਲੇ ਵਿਚ ਹਿੰਦੂ ਸੈਨਾ ਦਾ ਬਹੁਤ ਨੁਕਸਾਨ ਹੋਇਆ। ਇਸ ਤਰ੍ਹਾਂ ਬੀਜਾਪੁਰ ਦੇ ਸੁਲਤਾਲ ਅਲੀ ਆਦਿਲ ਸ਼ਾਹ ਨੇ ਪਿੱਛੇ ਹੱਟ ਕੇ ਇਕਦਮ ਤੀਰੂਮੱਲ ਦੀ ਫੌਜ ਉੱਤੇ ਧੋਖੇ ਨਾਲ ਹਮਲਾ ਕੀਤਾ। ਜਿਸ ਕਾਰਨ ਤੀਰੂ ਮੱਲ ਅਤੇ ਉਸਦਾ ਲੜਕਾ ਜ਼ਖਮੀ ਹੋ ਗਏ ਸਨ। ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਮੁਸਲਮਾਨ ਸੈਨਾ ਨੇ ਵਧੀਆਂ ਫੌਜੀ ਸਾਜੋ ਸਮਾਨ ਕਾਰਨ ਅਤੇ ਜਰਨੈਲਾਂ ਦੀ ਜੰਗੀ ਯੋਗਤਾ ਤੇ ਸੂਝ ਕਾਰਣ ਜਿੱਤ ਪ੍ਰਾਪਤ ਕੀਤੀ।

7. ਯੁੱਧ ਦੇ ਸਿਧਾਂਤ :

7.1 ਸਹਿਯੋਗ ਅਤੇ ਤਾਲਮੇਲ (Co-operation and co-ordination): ਇਸ ਲੜਾਈ ਵਿਚ ਮੁਸਲਮਾਨ ਫ਼ੌਜਾਂ ਵਿਚ ਬਹੁਤ ਹੀ ਤਾਲਮੇਲ ਰਿਹਾ ਜਦ ਕਿ ਹਿੰਦੂ ਫ਼ੌਜਾਂ ਦੀ ਲੜਾਈ ਸ਼ੁਰੂ ਹੁੰਦਿਆਂ ਹੀ ਤਿੰਨ ਭਾਗਾਂ ਦੀ ਆਪਸੀ ਇਕਸਾਰਤਾ ਖਤਮ ਹੋ ਗਈ ਸੀ।

7.2. ਹੈਰਾਨੀ (Surprise):- ਬਹੁਤ ਮੁਸ਼ਕਲਾਂ ਦੇ ਬਾਵਜੂਦ ਮੁਸਲਮਾਨ ਜਰਨੈਲਾਂ ਨੇ ਕ੍ਰਿਸ਼ਨਾ ਨਦੀ ਨੂੰ ਬਹੁਤ ਹੀ ਫੁਰਤੀ ਨਾਲ ਪਾਰ ਕਰਕੇ ਰਾਮ ਰਾਜਾ ਨੂੰ ਹੈਰਾਨ ਕਰ ਦਿੱਤਾ ਸੀ।

7.3 ਹੌਂਸਲਾ (Morale):- ਮੁਸਲਮਾਨ ਫ਼ੌਜਾਂ ਦਾ ਹੌਂਸਲਾ ਆਖਰ ਤਕ ਕਾਇਮ ਰਿਹਾ ਜਦ ਕਿ ਦੂਸਰੇ ਪਾਸੇ ਰਾਮ ਰਾਜਾ ਦੀ ਮੌਤ ਤੋਂ ਬਾਅਦ ਫ਼ੌਜ ਮੈਦਾਨ ਵਿਚੋਂ ਭੱਜ ਗਈ।

ਸਾਰ:- ਇਸ ਲੜਾਈ ਤੋਂ ਬਾਅਦ ਵਿਜੈ ਨਗਰ ਰਾਜ ਦਾ ਪੂਰੀ ਤਰ੍ਹਾਂ ਪਤਨ ਹੋ ਗਿਆ। ਇਹ ਸਾਬਤ ਹੋ ਗਿਆ ਕਿ ਲੜਾਈ ਸਿਰਫ ਹੌਂਸਲੇ ਨਾਲ, ਚੰਗੇ ਹਥਿਆਰਾਂ ਅਤੇ ਅਨੁਸ਼ਾਸਨ ਨਾਲ ਹੀ ਜਿੱਤੀ ਜਾ ਸਕਦੀ ਹੈ।

ਹੋਰ ਪੜ੍ਹਨ ਵਾਸਤੇ ਪੁਸਤਕਾਂ

1. J.N. Sarkar : Military History of India
2. T.G. Subramaniam : Famous Battles of Indian History
3. ਕੁਲਦੀਪ ਸਿੰਘ ਗਿੱਲ : ਯੁੱਧ ਨੀਤੀ ਪੱਖੋਂ ਭਾਰਤ ਦੇ ਪ੍ਰਮੁੱਖ ਯੁੱਧ

ਪਾਠ ਨੰਬਰ: 2.2

ਸ਼ਿਵਾ ਜੀ ਦਾ ਫੌਜੀ ਪ੍ਰਬੰਧ
(Military Organisation of Shivaji)

ਪਾਠ ਦੀ ਰੂਪ-ਰੇਖਾ

1. ਮਰਹੱਟਿਆਂ ਬਾਰੇ ਜਾਣ-ਪਛਾਣ
2. ਸ਼ਿਵਾ ਜੀ ਦੀ ਸੰਖੇਪ ਜਾਣਕਾਰੀ
3. ਸ਼ਿਵਾ ਜੀ ਇੱਕ ਸੈਨਿਕ ਲੀਡਰ ਦੇ ਤੌਰ ਤੇ
4. ਸ਼ਿਵਾ ਜੀ ਦਾ ਸੈਨਿਕ ਸੰਗਠਨ
5. ਸ਼ਿਵਾ ਜੀ ਦੇ ਲੜਨ ਦੇ ਤੌਰ ਤਰੀਕੇ

ਪਿਆਰੇ ਵਿਦਿਆਰਥੀ,

ਕਾਫੀ ਜੰਗਾਂ ਦੇ ਅਧਿਅਨ ਤੋਂ ਬਾਅਦ ਹੁਣ ਅਸੀਂ ਭਾਰਤ ਦੇ ਕੁਝ ਮਹਾਨ-ਜਰਨੈਲਾਂ ਜਿਵੇਂ ਸ਼ਿਵਾਜੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਫੌਜੀ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਿਲ ਕਰਾਂਗੇ। ਦੱਖਣੀ ਭਾਰਤ ਵਿਚ ਬਾਹਮਨੀ ਰਾਜ ਦੇ ਪਤਨ ਤੋਂ ਬਾਅਦ ਰਾਜਨੀਤਿਕ ਵਿਖਰਾਵ ਅਤੇ ਸੰਘਰਸ਼ ਦੀ ਸਥਿਤੀ ਜਿਹੀ ਉਤਪੰਨ ਹੋ ਗਈ ਸੀ ਅਤੇ ਕਈ ਛੋਟੇ-ਛੋਟੇ ਰਾਜ ਹੋਂਦ ਵਿੱਚ ਆ ਗਏ ਸਨ। ਇਨ੍ਹਾਂ ਰਾਜਾਂ ਵਿਚੋਂ ਹੀ ਮਰਾਠਿਆਂ ਦਾ ਜਨਮ ਹੋਇਆ ਤੇ ਹੋਲੀ-ਹੋਲੀ ਉਹਨਾਂ ਨੇ ਸਾਰੇ ਦੱਖਣੀ ਭਾਰਤ ਤੇ ਆਪਣਾ ਰਾਜ ਸਥਾਪਿਤ ਕਰ ਲਿਆ। ਇਸ ਪਾਠ ਵਿੱਚ ਅਸੀਂ ਮਰਾਠਿਆਂ ਦੇ ਵੱਖ-ਵੱਖ ਪਹਿਲੂਆਂ, ਉਹਨਾਂ ਦੇ ਸੈਨਿਕ ਸੰਗਠਨ ਅਤੇ ਗੁਰੀਲਾ ਜੰਗ ਬਾਰੇ ਜਾਣਕਾਰੀ ਹਾਸਿਲ ਕਰਾਂਗੇ।

1. ਮਰਾਠਿਆਂ/ਮਰਹੱਟਿਆਂ ਬਾਰੇ ਜਾਣ-ਪਛਾਣ

ਮਰਾਠਾ ਲੋਕ ਦੱਖਣ ਭਾਰਤ ਦੇ ਮਹਾਰਾਸ਼ਟਰ ਪ੍ਰਦੇਸ਼ ਨਾਲ ਸਬੰਧ ਰੱਖਣ ਵਾਲੇ ਸਨ। ਉਨ੍ਹਾਂ ਦਾ ਕਦ ਛੋਟਾ ਪਰੰਤੂ ਸ਼ਰੀਰ ਗੱਠਿਆ ਹੋਇਆ ਸੀ। ਉਨ੍ਹਾਂ ਵਿਚ ਅਦਭੁੱਤ ਸਾਹਸ ਅਤੇ ਬੀਰਤਾ ਪਾਈ ਜਾਂਦੀ ਸੀ। ਉਹ ਆਮ ਤੌਰ ਤੇ ਗਰੀਬ ਅਤੇ ਦੱਬੇ ਹੋਏ ਲੋਕ ਸਨ ਅਤੇ ਉਨ੍ਹਾਂ ਦਾ ਮੁੱਖ ਕੰਮ ਖੇਤੀ ਸੀ ਪਰੰਤੂ ਉੱਚ ਘਰਾਣੇ ਦੇ ਮਰਾਠੇ ਬੀਜਾਪੁਰ ਅਤੇ ਅਹਿਮਦ ਨਗਰ ਦੇ ਮੁਸਲਿਮ ਹਾਕਮਾਂ ਦੇ ਅਧੀਨ ਨੌਕਰੀਆਂ ਵੀ ਕਰਦੇ ਸਨ। ਉਨ੍ਹਾਂ ਵਿਚ ਸਮਾਜਿਕ ਅਤੇ ਆਰਥਿਕ ਸਮਾਨਤਾ ਪਾਈ ਜਾਂਦੀ ਸੀ ਅਤੇ ਉਨ੍ਹਾਂ ਦਾ ਧਰਮ, ਸੰਸਕ੍ਰਿਤੀ ਅਤੇ ਭਾਸ਼ਾ ਵੀ ਇਕ ਹੀ ਸੀ। 17ਵੀਂ ਸਦੀ ਵਿਚ ਸ਼ਿਵਾ ਜੀ ਨੇ ਮਰਾਠਿਆਂ ਦਾ ਸੰਗਠਨ ਕੀਤਾ ਅਤੇ ਬੀਜਾਪੁਰ ਤੇ ਮੁਗ਼ਲ ਸਾਮਰਾਜ ਦੇ ਵਿਰੁੱਧ ਬੜੀ ਦੇਰ ਤਕ ਯੁੱਧ ਕਰਕੇ ਸੁਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਉਸ ਦੇ ਉੱਤਰਾਧਿਕਾਰੀ ਵੀ ਉਸ ਦੇ ਰਸਤੇ ਤੇ ਚਲਦੇ ਰਹੇ। ਜਿਸ ਦਾ ਨਤੀਜਾ ਇਹ ਹੋਇਆ ਕਿ ਮੁਗ਼ਲ ਸਾਮਰਾਜ ਦੇ ਖੰਡਰਾਂ ਉੱਤੇ ਭਾਰਤ ਦੇ ਜਿਆਦਾਤਰ ਪ੍ਰਦੇਸ਼ਾਂ ਵਿਚ ਮਰਾਠੇ ਛਾ ਗਏ।

ਮਰਾਠਾ ਸ਼ਕਤੀ ਦੇ ਉਥਾਨ ਦੇ ਬਹੁਤ ਸਾਰੇ ਕਾਰਨ ਸਨ। ਪਰ ਸਭ ਤੋਂ ਮਹੱਤਵਪੂਰਨ ਕਾਰਨ ਸ਼ਿਵਾ ਜੀ ਦੀ ਸ਼ਖਸੀਅਤ ਸੀ। ਸ਼ਿਵਾ ਜੀ ਇਕ ਬੀਰ ਅਤੇ ਸਾਹਸੀ ਨਵਯੁਵਕ ਸੀ, ਜਿਸ ਦੇ ਮਨ ਵਿਚ ਉਸ ਦੀ ਮਾਤਾ ਅਤੇ ਉਸ ਦੇ ਅਧਿਆਪਕਾਂ ਨੇ ਬਚਪਨ ਤੋਂ ਹੀ ਉੱਚ ਕੋਟੀ ਦੇ ਰਾਸ਼ਟਰੀ ਵਿਚਾਰ ਕੁੱਟ ਕੁੱਟ ਕੇ ਭਰ ਦਿੱਤੇ ਸਨ। ਵੱਡਾ ਹੋਣ ਤੇ ਉਸਨੇ ਆਪਣੇ ਆਪ ਨੂੰ ਇਕ ਬਹਾਦਰ ਯੋਧਾ, ਨਿਪੁੰਨ ਸੰਗਠਨ ਕਰਤਾ ਅਤੇ ਯੋਗ ਰਾਜ ਪ੍ਰਬੰਧਕ ਸਿੱਧ ਕੀਤਾ ਅਤੇ ਅੰਤ ਵਿਚ ਉਸਦੇ ਘੋਰ ਯਤਨਾਂ ਦੇ ਸਿੱਟੇ ਵਜੋਂ ਹੀ ਮਰਾਠਾ ਸ਼ਕਤੀ ਦਾ ਉਥਾਨ ਹੋਇਆ।

ਮਰਹੱਟਿਆਂ ਦੀ ਫੌਜ ਦੀ ਵਿਵਸਥਾ ਅਤੇ ਲੜਾਈ ਕਰਨ ਦੇ ਉਨ੍ਹਾਂ ਦੇ ਢੰਗ ਨੇ ਸ਼ਿਵਾ ਜੀ ਅਧੀਨ ਅਜਿਹਾ ਨਵੇਕਲਾਪਣ ਅਖ਼ਤਿਆਰ ਕੀਤਾ, ਜਿਸ ਕਰਕੇ ਉਨ੍ਹਾਂ ਦਾ ਫੌਜੀ ਸੰਗਠਨ ਵੱਖਰਾ ਰੂਪ ਅਖ਼ਤਿਆਰ ਕਰ ਗਿਆ ਅਤੇ ਭਾਰਤੀ ਯੁੱਧ ਕਲਾ ਦੇ ਇਤਿਹਾਸ ਵਿਚ ਵੱਖਰੇ ਨਾਂ ਥੱਲੇ ਤੇ ਮੌਲਿਕ ਢੰਗ ਦੇ ਤੌਰ ਤੇ ਜਾਣਿਆ ਜਾਣ ਲੱਗਾ, ਮਰਹੱਟਾ ਫੌਜਾਂ ਦੀ ਪਹਿਲੀ ਵਿਸ਼ੇਸ਼ਤਾ ਉਨ੍ਹਾਂ ਦੀ ਹੱਦ ਦਰਜੇ ਦੀ ਗਤੀਸ਼ੀਲਤਾ ਸੀ। ਇਸ ਦਾ ਕਾਰਣ ਇਹ ਸੀ ਕਿ ਉਹ ਸਾਰੇ ਘੋੜ ਸਵਾਰ ਸਨ, ਆਮ ਤੌਰ ਤੇ ਹਰ ਸੈਨਿਕ ਕੋਲ ਇਕ ਫਾਲਤੂ ਘੋੜਾ ਹੁੰਦਾ ਸੀ। ਉਨ੍ਹਾਂ ਨੂੰ ਮਾਲ ਅਸਬਾਬ ਤੇ ਤੰਬੂਆਂ ਦਾ ਬੋਝ ਵੀ ਤੰਗ ਨਹੀਂ ਸੀ ਕਰਦਾ ਕਿਉਂਕਿ ਉਹ ਜਿਸ ਇਲਾਕੇ ਵਿਚ ਜਾਂਦੇ

ਸਨ, ਉਸੇ ਤੇ ਗੁਜਾਰਾ ਕਰਦੇ ਸਨ। ਉਹਨਾਂ ਦੇ ਘੋੜੇ ਰਸਤੇ ਵਿਚ ਘਾਹ ਖਾ ਕੇ ਗੁਜਾਰਾ ਕਰ ਲੈਂਦੇ ਸਨ। ਉਨ੍ਹਾਂ ਕੋਲ ਨਾ ਤੋਪਖਾਨਾ ਤੇ ਨਾ ਕੋਈ ਡੇਰੇ ਦਾ ਪ੍ਰਬੰਧ ਕਰਨ ਵਾਲੇ ਨੌਕਰ ਚਾਕਰ ਸਨ। ਇਕ ਫਰਾਂਸੀਸੀ ਅਫਸਰ ਨੇ 1677 ਈ. ਵਿਚ ਸ਼ਿਵਾ ਜੀ ਦੇ ਇਕ ਹਮਲੇ ਦੌਰਾਨ ਉਸ ਦੀ ਫੌਜ ਦੀ ਤਸਵੀਰ ਇੰਜ ਖਿੱਚੀ ਹੈ, ''ਸ਼ਿਵਾ ਜੀ ਦੇ ਡੇਰੇ ਵਿਚ ਨਾ ਸ਼ਾਨ ਸ਼ੌਕਤ ਹੈ ਨਾ ਕੋਈ ਸਮਾਨ। ਉਸ ਵਿਚ ਕੇਵਲ ਦੋ ਤੰਬੂ ਹਨ, ਦੋਵੇਂ ਹੀ ਬਹੁਤ ਸਧਾਰਨ ਅਤੇ ਬਹੁਤ ਸਧਾਰਨ ਅਤੇ ਬਹੁਤ ਛੋਟੇ। ਇਕ ਉਸ ਦੇ ਆਪਣੇ ਲਈ ਤੇ ਇਕ ਉਸ ਦੇ ਪ੍ਰਧਾਨ ਮੰਤਰੀ ਲਈ। ਆਮ ਤੌਰ ਤੇ ਹਰ ਦੋ ਆਦਮੀਆਂ ਕੋਲ ਤਿੰਨ ਘੋੜੇ ਸਨ, ਜਿਸ ਦੁਆਰਾ ਰਫਤਾਰ ਵਿਚ ਵਾਧਾ ਹੋ ਜਾਂਦਾ ਹੈ। ਉਹ ਇੰਝ ਆਪਣੇ ਦੁਸ਼ਮਣਾਂ ਤੇ ਅਚਾਨਕ ਹਮਲੇ ਕਰਦਾ ਹੈ ਕਿ ਉਹਨਾਂ ਨੂੰ ਭੁਲੇਖਾ ਰਹਿੰਦਾ ਹੈ ਕਿ ਉਹ ਹਾਲੀ ਉਨ੍ਹਾਂ ਤੋਂ ਬਹੁਤ ਦੂਰ ਹੈ।''

2. ਸ਼ਿਵਾ ਜੀ ਦੀ ਸੰਖੇਪ ਜਾਣਕਾਰੀ

ਸ਼ਿਵਾ ਜੀ ਦਾ ਜਨਮ 10 ਅਪਰੈਲ 1627 ਈ. ਨੂੰ ਹੋਇਆ। ਸ਼ਿਵਾ ਜੀ ਤੇ ਪਿਤਾ ਜੀ ਸ਼ਾਹ ਦੀ ਭੌਂਸਲੇ ਦੀ ਦੂਸਰੀ ਵਹੁਟੀ ਤੁਕਾਬਾਈ ਮੋਹਤੀ ਅਤੇ ਸ਼ਿਵਾ ਜੀ ਦੀ ਮਾਤਾ ਜੀਜਾ ਬਾਈ ਸੀ, ਜਿਨ੍ਹਾਂ ਦਾ ਵਿਆਹੁਤਾ ਜੀਵਨ ਬਹੁਤ ਸੁਖੀ ਨਹੀਂ ਸੀ। ਇਹਨਾਂ ਦੇ ਲੰਮੇ ਝਗੜੇ ਤੋਂ ਬਾਅਦ ਸ਼ਿਵਾ ਜੀ ਨੂੰ ਪੂਨੇ ਦੀ ਜਗੀਰ ਸੌਂਪੀ ਗਈ। ਇਸ ਜਗੀਰ ਵਿਚ ਸ਼ਿਵਾ ਜੀ ਦੇ ਸਰਪ੍ਰਸਤ ਦਾਦਾ ਜੀ ਕੌਂਡਦੇਵ ਨੇ ਉਹਨਾਂ ਲਈ ਮਹਿਲ ਬਣਾ ਕੇ ਦਿੱਤਾ, ਜਿਹੜਾ ਕਿ ਬਾਅਦ ਵਿੱਚ ਲਾਲ ਮਹਿਲ ਦੇ ਤੌਰ ਤੇ ਪ੍ਰਸਿੱਧ ਹੋਇਆ। ਦਾਦਾ ਜੀ ਕੌਂਡਦੇਵ ਨੇ ਹੀ ਸ਼ਿਵਾ ਜੀ ਨੂੰ ਘੋੜ ਸਵਾਰੀ ਅਤੇ ਦੂਸਰੇ ਹਥਿਆਰਾਂ ਦੀ ਸਿਖਲਾਈ ਦਿੱਤੀ ਸੀ। ਪੂਨੇ ਦੀ ਇਸ ਜਗੀਰ ਉਪਰ ਪੂਰਣ ਖੁਦਮੁਖਤਿਆਰੀ ਸ਼ਿਵਾ ਜੀ ਨੂੰ ਦਾਦਾ ਕੌਂਡਦੇਵ ਦੀ ਮ੍ਰਿਤੂ ਤੋਂ ਬਾਅਦ ਹੀ ਮਿਲੀ। ਉਸ ਸਮੇਂ ਤੱਕ ਸ਼ਿਵਾ ਜੀ ਨੇ ਹਰ ਕਿਸਮ ਦੇ ਹਥਿਆਰਾਂ ਉਪਰ ਮੁਹਾਰਤ ਹਾਸਲ ਕਰ ਲਈ ਸੀ। ਭਾਵੇਂ ਕਿ ਸ਼ਿਵਾ ਜੀ ਅਕਬਰ, ਹੈਦਰਅਲੀ ਅਤੇ ਰਣਜੀਤ ਸਿੰਘ ਵਾਂਗ ਹੀ ਪੜ੍ਹਿਆ ਲਿਖਿਆ ਨਹੀਂ ਸੀ ਅਤੇ ਉਸ ਦੁਆਰਾ ਲਿਖੀ ਹੋਈ ਚੀਜ਼ ਹੋਂਦ ਨਹੀਂ ਰੱਖਦੀ। ਪਰ ਬਹੁਤ ਸਾਰੇ ਲੋਕ ਜਿਹੜੇ ਉਸ ਨੂੰ ਮਿਲੇ ਜਿਨ੍ਹਾਂ ਵਿਚ ਯੂਰਪੀ ਲੋਕ ਵੀ ਸ਼ਾਮਲ ਸਨ ਇਸ ਛੋਟੇ ਕੱਦ ਦੇ ਲਿਸ਼ਕਵੀਆਂ ਅੱਖਾਂ ਵਾਲੇ ਸੂਰਮੇ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿੰਦੇ ਸਨ।

ਸ਼ਿਵਾ ਜੀ ਦੀ ਸਖਸੀਅਤ ਨੂੰ ਤਿੰਨ ਵਿਅਕਤੀਆਂ ਨੇ ਬਹੁਤ ਜਿਆਦਾ ਪ੍ਰਭਾਵਿਤ ਕੀਤਾ। ਸਭ ਤੋਂ ਪਹਿਲਾਂ ਤਾਂ ਸ਼ਿਵਾ ਜੀ ਦੀ ਆਪਣੀ ਮਾਤਾ ਜੀਜਾ ਬਾਈ ਦੇ ਉਪਦੇਸ਼ਾਂ ਅਤੇ ਪ੍ਰਾਚੀਨ ਹਿੰਦੂ ਯੋਧਿਆਂ ਦੀਆਂ ਉਤਸ਼ਾਹ ਪੂਰਨ ਕਹਾਣੀਆਂ ਰਾਹੀਂ ਉਸ ਦੇ ਮਨ ਵਿਚ ਬੀਰਤਾ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਪੈਦਾ ਕਰ ਦਿੱਤੀਆਂ। ਇਕ ਇਤਿਹਾਸਕਾਰ ਦੇ ਸ਼ਬਦਾਂ ਵਿਚ, ''ਜੇ ਮਹਾਨ ਪੁਰਸ਼ਾਂ ਨੂੰ ਮਹਾਨ ਬਣਾਉਣ ਵਿਚ ਉਨ੍ਹਾਂ ਦੀਆਂ ਮਾਤਾਵਾਂ ਦਾ ਕਦੇ ਹੱਥ ਰਿਹਾ ਹੈ ਤਾਂ ਇਹ ਮੰਨਣਾ ਪਵੇਗਾ ਕਿ ਸ਼ਿਵਾ ਜੀ ਦੇ ਜੀਵਨ ਨੂੰ ਬਣਾਉਣ ਵਿਚ ਜੀਜਾ ਬਾਈ ਦਾ ਪ੍ਰਭਾਵ ਸਭ ਤੋਂ ਉੱਤਮ ਕਾਰਨ ਸੀ।'' ਸ਼ਿਵਾ ਜੀ ਦੇ ਸਰਪ੍ਰਸਤ ਦਾਦਾ ਜੀ ਕੌਂਡਦੇਵ ਸ਼ਿਵਾ ਜੀ ਦੇ ਜੀਵਨ ਨਿਰਮਾਣ ਵਿੱਚ ਮਹੱਤਵਪੂਰਨ ਪ੍ਰਭਾਵ ਪਾਇਆ। ਉਹ ਪੂਨਾ ਵਿਚ ਸ਼ਾਹ ਜੀ ਦੀਆਂ ਜਾਗੀਰਾਂ ਦਾ ਪ੍ਰਬੰਧ ਕਰਦਾ ਸੀ ਅਤੇ ਉਸ ਨੇ ਨਵਯੁਵਕ ਸ਼ਿਵਾ ਜੀ ਨੂੰ ਘੋੜ ਸਵਾਰੀ, ਯੁੱਧ ਕਲਾ ਅਤੇ ਰਾਜ ਪ੍ਰਬੰਧ ਦੇ ਕੰਮਾਂ 'ਚ ਉਚਿਤ ਸਿੱਖਿਆ ਦਿੱਤੀ। ਮਹਾਰਾਸ਼ਟਰ ਦੇ ਪ੍ਰਸਿੱਧ ਧਾਰਮਿਕ ਨੇਤਾ ਰਾਮ ਦਾਸ ਨੇ ਵੀ ਸ਼ਿਵਾ ਜੀ ਨੂੰ ਰਾਸ਼ਟਰ ਨਿਰਮਾਣ ਲਈ ਉਤਸ਼ਾਹਿਤ ਕੀਤਾ। ਉਹ ਸ਼ਿਵਾ ਜੀ ਦਾ ਅਧਿਆਤਮਕ ਗੁਰੂ ਸੀ ਅਤੇ ਉਹ ਸਦਾ ਉਸ ਨੂੰ ਇਹ ਉਪਦੇਸ਼ ਦੇਂਦਾ ਸੀ ਕਿ, ''ਮਾਤਾ ਅਤੇ ਮਾਤਾ ਭੂਮੀ ਸਵਰਗ ਤੋਂ ਵੀ ਵੱਧ ਪਿਆਰੀਆਂ ਹਨ। ਪਰਮਾਤਮਾ ਨੇ ਤੁਹਾਨੂੰ ਸੰਸਾਰ ਵਿੱਚ ਦੇਵਤਿਆਂ, ਗਊਆਂ, ਬ੍ਰਾਹਮਣਾਂ ਅਤੇ ਧਰਮ ਦੀ ਰੱਖਿਆ ਕਰਨ ਲਈ ਭੇਜਿਆ ਹੈ।'' ਸ਼ਿਵਾ ਜੀ ਦੇ ਦਿਲ ਅਤੇ ਦਿਮਾਗ ਉੱਤੇ ਇਨ੍ਹਾਂ ਉਪਦੇਸ਼ਾਂ ਦਾ ਡੂੰਘਾ ਪ੍ਰਭਾਵ ਪਿਆ।

2.1 ਸ਼ਿਵਾ ਜੀ ਦੀਆਂ ਜਿੱਤਾਂ :

ਸ਼ਿਵਾ ਜੀ ਦੀ ਉਮਰ ਉਦੋਂ 19 ਸਾਲਾਂ ਦੀ ਸੀ ਜਦੋਂ ਉਸ ਨੇ ਜਿੱਤਾਂ ਦਾ ਦੌਰ ਆਰੰਭਿਆ। ਸਭ ਤੋਂ ਪਹਿਲਾਂ ਉਸ ਨੇ ਤੋਰਨਾ ਦੇ ਕਿਲ੍ਹੇ ਉੱਪਰ ਜਿੱਤ ਪ੍ਰਾਪਤ ਕੀਤੀ। ਇਸ ਦੇ ਪਿਛੋਂ ਰਾਏਗੜ੍ਹ ਦੇ ਕਿਲ੍ਹੇ ਨੂੰ ਪ੍ਰਾਪਤ ਕੀਤਾ ਅਤੇ ਇਸ ਦੀ ਫਿਰ ਤੋਂ ਉਸਾਰੀ ਕੀਤੀ। ਇਸ ਸਮੇਂ ਦਾਦਾ ਜੀ ਕੌਂਡਦੇਵ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਨੇ ਪੂਨਾ ਨੂੰ ਵੀ ਆਪਣੇ ਅਧਿਕਾਰ ਵਿੱਚ ਲੈ ਲਿਆ ਅਤੇ ਇਕ ਵੱਡੀ ਸੈਨਾ ਕਾਇਮ ਕਰ ਲਈ। 1648 ਈ. ਵਿੱਚ ਪੁਰੰਧਰ ਅਤੇ ਕੋਡਾਨਾ ਨੂੰ ਜਿੱਤ ਲਿਆ ਗਿਆ ਅਤੇ ਕੋਕਣ ਪ੍ਰਦੇਸ਼ ਉੱਤੇ ਹਮਲਾ ਕੀਤਾ ਗਿਆ। ਉਥੋਂ ਦੇ ਪ੍ਰਸਿੱਧ ਨਗਰ ਕਲਿਆਣੀ ਨੂੰ ਵੀ ਅਧਿਕਾਰ ਵਿਚ ਲੈ ਲਿਆ ਗਿਆ।

1649 ਈ. ਤੋਂ 1655 ਈ. ਤੱਕ ਸ਼ਿਵਾ ਜੀ ਨੂੰ ਆਪਣੀਆਂ ਜਿੱਤਾਂ ਤੇ ਰੋਕ ਲਾਉਣੀ ਪਈ ਅਤੇ ਇਸ ਸਮੇਂ ਉਸ ਨੇ ਜਿੱਤੇ ਹੋਏ ਇਲਾਕਿਆਂ ਨੂੰ ਸੰਗਠਿਤ ਕੀਤਾ। 1656 ਈ. ਵਿਚ ਸ਼ਿਵਾ ਜੀ ਨੇ ਆਪਣੀਆਂ ਜਿੱਤਾ ਦਾ ਕੰਮ ਫਿਰ ਤੋਂ ਆਰੰਭ ਕੀਤਾ। ਉਸ ਨੇ 1656 ਈ. ਵਿੱਚ ਜਾਵਲੀ ਵੱਲ ਧਿਆਨ ਦਿੱਤਾ। ਇਸ ਸਮੇਂ ਇਥੋਂ ਦਾ ਰਾਜਾ ਚੰਦਰਾਵ ਸੀ, ਜਿਸ ਨੇ ਸ਼ਿਵਾ ਜੀ ਦੇ ਵਿਰੁੱਧ ਬੀਜਪੁਰ ਦੇ ਹਾਕਮ ਨਾਲ ਗਠਜੋੜ ਕਰ ਲਿਆ ਸੀ। ਸ਼ਿਵਾ ਜੀ ਨੇ ਇਕ ਵਿਅਕਤੀ ਨੂੰ ਕੁਝ ਰੁਪਏ ਦੇ ਕੇ ਚੰਦਰਾਵ ਨੂੰ ਕਤਲ

ਕਰਵਾ ਦਿੱਤਾ ਸੀ ਅਤੇ ਜਨਵਰੀ, 1656 ਈ. ਵਿਚ ਜਾਵਲੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਜਾਵਲੀ ਦੀ ਜਿੱਤ ਨਾਲ ਸ਼ਿਵਾ ਜੀ ਦੀ ਸੈਨਿਕ ਅਤੇ ਆਰਥਿਕ ਸ਼ਕਤੀ ਵਿਚ ਬਹੁਤ ਵਾਧਾ ਹੋਇਆ।

1658 ਈ. ਵਿੱਚ ਜਦੋਂ ਔਰੰਗਜ਼ੇਬ ਦੱਖਣ ਨੂੰ ਛੱਡ ਕੇ ਉੱਤਰੀ ਭਾਰਤ ਵੱਲ ਚਲ ਪਿਆ, ਬੀਜਾਪੁਰ ਦੇ ਹਾਕਮ ਨੇ ਸ਼ਿਵਾ ਜੀ ਦੀ ਵਧਦੀ ਹੋਈ ਸ਼ਕਤੀ ਨੂੰ ਰੋਕਣ ਦਾ ਨਿਸ਼ਚਾ ਕੀਤਾ। ਇਕ ਬਹੁਤ ਵੱਡੀ ਸੈਨਾ ਤਿਆਰ ਕੀਤੀ ਗਈ ਅਤੇ ਪ੍ਰਸਿੱਧ ਜਰਨੈਲ ਅਫ਼ਜਲ ਖਾਂ ਨੂੰ ਇਸ ਸੈਨਾ ਦਾ ਨੇਤਾ ਨਿਯੁਕਤ ਕੀਤਾ ਗਿਆ। ਅਫ਼ਜਲ ਖਾਂ ਨੇ ਸ਼ਿਵਾ ਜੀ ਨੂੰ ਆਪਣੇ ਕੋਲ ਬੁਲਾ ਕੇ ਧੋਖੇ ਨਾਲ ਉਸ ਨੂੰ ਮਾਰਨ ਦੀ ਯੋਜਨਾ ਬਣਾਈ। ਅਫ਼ਜ਼ਲ ਖਾਂ ਨੇ ਸ਼ਿਵਾ ਜੀ ਵਲ ਇਕ ਬੇਲਚੀ ਵੀ ਭੇਜਿਆ ਪਰ ਸ਼ਿਵਾ ਜੀ ਬੁੱਧੀ ਪੱਖੋਂ ਬਹੁਤ ਤੇਜ਼ ਸੀ। ਅਫ਼ਜਲ ਖਾਂ ਦੀ ਮਨਸ਼ਾ ਸਮਝ ਗਏ। ਉਸ ਨੇ ਅਫ਼ਜਲ ਖਾਂ ਨਾਲ ਟੱਕਰ ਲੈਣ ਲਈ ਪੂਰੀਆਂ ਸੈਨਿਕ ਤਿਆਰੀਆਂ ਕੀਤੀਆਂ ਅਤੇ ਉਸ ਨਾਲ ਮਿਲਣਾ ਸਵੀਕਾਰ ਕਰ ਲਿਆ। ਪ੍ਰਤਾਪਗੜ੍ਹ ਵਿਚ ਸ਼ਿਵਾ ਜੀ ਅਤੇ ਅਫ਼ਜਲ ਖਾਂ ਦੀ 2 ਨਵੰਬਰ 1659 ਈ. ਨੂੰ ਮੁਲਾਕਾਤ ਹੋਈ। ਅਫ਼ਜਲ ਖਾਂ ਨੇ ਸ਼ਿਵਾ ਜੀ ਨੂੰ ਗੱਲ ਨਾਲ ਲਾ ਕੇ ਅਚਾਨਕ ਵਾਰ ਕਰਨ ਦਾ ਯਤਨ ਕੀਤਾ। ਸ਼ਿਵਾ ਜੀ ਨੇ ਆਪਣੇ ਆਪ ਨੂੰ ਬਚਾਉਂਦੇ ਹੋਏ ਅਫ਼ਜਲ ਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਿਛੋਂ ਮਰਾਠਾ ਸੈਨਿਕ ਜੋ ਜੰਗਲਾਂ ਵਿਚ ਲੁੱਕੇ ਹੋਏ ਸਨ, ਬੀਜਾਪੁਰੀਆਂ ਉਪਰ ਟੁੱਟ ਪਏ। ਇਸ ਤੋਂ ਬਾਅਦ 1660 ਈ. ਵਿਚ ਪਨਹਾਲਾ, ਬਸੰਤਗੜ੍ਹ, ਖੋਲਨ ਆਦਿ ਕਿਲ੍ਹਿਆਂ ਉੱਤੇ ਵੀ ਜਿੱਤ ਪ੍ਰਾਪਤ ਕੀਤੀ।

ਪਹਿਲੇ ਪੜਾਅ ਤੋਂ ਬਾਅਦ ਸ਼ਿਵਾ ਜੀ ਦੇ ਸੰਘਰਸ਼ ਦਾ ਦੌਰ ਹੋਰ ਵੀ ਔਖੇ ਪੜਾਅ ਵਿਚ ਜਾ ਵੜਿਆ। ਇਸ ਤੋਂ ਬਾਅਦ ਕਈ ਸਾਲਾਂ ਤੱਕ ਉਸ ਨੇ ਮੁਗਲਾਂ ਦੇ ਨਾਲ ਵੀ ਸੰਘਰਸ਼ ਕੀਤਾ। ਰਾਜਗੱਦੀ ਸੰਭਾਲਣ ਤੋਂ ਪਿਛੋਂ ਔਰੰਗਜ਼ੇਬ ਨੇ ਸ਼ਿਵਾ ਜੀ ਦੀ ਵਧਦੀ ਹੋਈ ਸ਼ਕਤੀ ਨੂੰ ਦਬਾਉਣ ਦਾ ਨਿਸਚਾ ਕੀਤਾ। 1660 ਈ. ਵਿਚ ਉਸ ਨੇ ਆਪਣੇ ਮਾਮੇ ਸ਼ਇਿਸ਼ਤਾਂ ਖਾਂ ਨੂੰ ਦੱਖਣ ਦਾ ਸੂਬੇਦਾਰ ਨਿਯੁਕਤ ਕਰਕੇ, ਮਰਾਠਿਆਂ ਦੀ ਸ਼ਕਤੀ ਨੂੰ ਕੁਚਲਨ ਲਈ ਕਿਹਾ। ਸ਼ਇਿਸ਼ਤਾ ਖਾਂ ਕੁਝ ਇਲਾਕਿਆਂ ਤੇ ਜਿੱਤ ਪ੍ਰਾਪਤ ਕਰਕੇ ਪੂਨਾ ਵਿਚ ਸਮਾਂ ਬਤੀਤ ਕਰ ਰਿਹਾ ਸੀ। ਸ਼ਿਵਾ ਜੀ ਨੇ 4000 ਸੈਨਿਕਾਂ ਸਮੇਤ ਭੇਸ ਬਦਲ ਕੇ ਸ਼ਇਿਸ਼ਤਾ ਖਾਂ ਅਤੇ ਉਸਦੇ ਸਾਥੀਆਂ ਉੱਤੇ ਅਚਾਨਕ ਧਾਵਾ ਬੋਲ ਦਿੱਤਾ। ਇਸ ਵਿਚ ਸ਼ਇਿਸ਼ਤਾ ਖਾਂ ਦਾ ਪੁੱਤਰ, ਛੇ ਪਤਨੀਆਂ ਤੇ ਚਾਲੀ ਸੇਵਕ ਮਾਰੇ ਗਏ। ਸ਼ਇਿਸ਼ਤਾ ਖਾਂ ਜ਼ਖ਼ਮੀ ਹੋ ਗਿਆ, ਜਨਵਰੀ 1664 ਈ. ਵਿਚ ਸ਼ਿਵਾ ਜੀ 400 ਸੈਨਿਕਾਂ ਨਾਲ ਸੂਰਤ ਉੱਤੇ ਅਚਾਨਕ ਹਮਲਾ ਕੀਤਾ। ਚਾਰ ਦਿਨ ਤੱਕ ਮਰਾਠਿਆਂ ਨੇ ਇਸ ਧਨੀ ਨਗਰ ਨੂੰ ਲੁੱਟਿਆ। ਸ਼ਿਵਾ ਜੀ ਨੂੰ ਇਸ ਹਮਲੇ ਵਿਚ 1 ਕਰੋੜ ਰੁਪਏ ਤੋਂ ਵੀ ਜ਼ਿਆਦਾ ਧੰਨ ਪ੍ਰਾਪਤ ਹੋਇਆ। ਔਰੰਗਜੇਬ ਨੇ ਸ਼ਇਿਸ਼ਤਾ ਖਾਂ ਤੋਂ ਬਾਅਦ ਜੈ ਸਿੰਘ ਨੂੰ ਸ਼ਿਵਾ ਜੀ ਨਾਲ ਜੰਗ ਕਰਨ ਲਈ ਭੇਜਿਆ। ਇਸ ਸਮੇਂ ਜੈ ਸਿੰਘ ਦੀ ਸ਼ਕਤੀ ਦੇਖ ਸ਼ਿਵਾ ਜੀ ਨੇ ਅੰਦਾਜਾ ਲਾਇਆ ਕਿ ਜੈ ਸਿੰਘ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਅਤੇ ਬਾਅਦ ਵਿਚ ਉਨ੍ਹਾਂ ਨੇ ਜੈ ਸਿੰਘ ਨਾਲ ਸੰਧੀ ਕਰ ਲਈ।

12 ਮਈ, 1666 ਈ. ਨੂੰ ਰਾਮ ਸਿੰਘ ਨੇ ਸ਼ਿਵਾ ਜੀ ਨੂੰ ਮੁਗਲ ਦਰਬਾਰ ਵਿਚ ਜਾਣ ਲਈ ਮਨਾ ਲਿਆ ਪਰ ਔਰੰਗਜ਼ੇ ਬ ਨੇ ਸ਼ਿਵਾ ਜੀ ਨਾਲ ਠੀਕ ਵਿਵਹਾਰ ਨਾ ਕੀਤਾ ਅਤੇ ਸ਼ਿਵਾ ਜੀ ਨੂੰ ਕੈਦ ਕਰ ਲਿਆ। ਪਰ ਸ਼ਿਵਾ ਜੀ ਧੋਖੇ ਨਾਲ ਜੇਲ੍ਹ ਵਿੱਚੋ ਨਿਕਲਣ ਵਿਚ ਕਾਮਯਾਬ ਰਹੇ। ਉੱਤਰ ਪੱਛਮ ਦੀ ਗੜਬੜ ਦੇ ਕਾਰਨ ਔਰੰਗਜ਼ੇਬ ਸ਼ਿਵਾ ਜੀ ਨਾਲ ਟੱਕਰ ਲੈਣ ਵਾਲੀ ਹਾਲਤ ਵਿਚ ਨਹੀਂ ਸੀ। ਮੁਗਲਾਂ ਨੇ ਸ਼ਿਵਾ ਜੀ ਨਾਲ ਸਮਝੌਤਾ ਕਰ ਲਿਆ ਅਤੇ ਸ਼ਿਵਾ ਜੀ ਨੂੰ ਰਾਜਾ ਮੰਨ ਲਿਆ ਪਰ 1670 ਈ. ਵਿਚ ਸ਼ਿਵਾ ਜੀ ਅਤੇ ਮੁਗਲਾਂ ਵਿਚ ਸੰਬੰਧ ਫਿਰ ਖ਼ਰਾਬ ਹੋ ਗਏ। ਸ਼ਿਵਾ ਜੀ ਨੇ ਸਿੰਘਗੜ੍ਹ, ਪੁਰੰਧਰ, ਕਰਨਾਲਾ ਅਤੇ ਲੋਹਗੜ੍ਹ ਦੇ ਕਿਲ੍ਹੇ ਜਿੱਤੇ।

16 ਜੂਨ, 1674 ਈ. ਨੂੰ ਸ਼ਿਵਾ ਜੀ ਨੇ ਵੈਦਿਕ ਰੀਤੀਆਂ ਅਨੁਸਾਰ ਰਾਏਗੜ੍ਹ ਵਿੱਚ ਬੜੀ ਧੂਮ-ਧਾਮ ਨਾਲ ਰਾਜਤਿਲਕ ਦੀ ਰਸਮ ਅਦਾ ਕੀਤੀ। ਸ਼ਿਵਾ ਜੀ ਨੇ ਛੱਤਰਪਤੀ ਦੀ ਉਪਾਧੀ ਧਾਰਨ ਕੀਤੀ। ਅਪ੍ਰੈਲ, 1680 ਈ. ਵਿੱਚ ਸ਼ਿਵਾ ਜੀ ਦੀ ਮੌਤ ਹੋ ਗਈ। ਉਸ ਸਮੇਂ ਮਰਹੱਟਾ ਰਾਜ ਦੀ ਸਰਹੱਦਾਂ ਉੱਤਰ ਵੱਲ ਸੂਰਤ ਦੇ ਨੇੜੇ ਰਾਮ ਨਗਰ ਤੱਕ ਦੱਖਣ ਵਿਚ ਗੋਆ ਦੇ ਨੇੜੇ ਕਾਰਵਾਰ ਤੱਕ ਫੈਲ ਚੁੱਕੀਆਂ ਸਨ। ਇਸ ਤੋਂ ਇਲਾਵਾ ਪੂਰਬ ਵਿਚ ਬਲਗਾਨ, ਨਾਸਕ, ਪੂਨਾ, ਸਿਤਾਰਾ, ਕੋਹਲਾਪੁਰ ਆਦਿ ਪ੍ਰਦੇਸ਼ ਵੀ ਮਰਹੱਟਾਂ ਰਾਜ ਦੇ ਅਧੀਨ ਸਨ। ਕਰਨਾਟਕਾ ਵਿਚ ਬਹੁਤ ਸਾਰੇ ਇਲਾਕਿਆਂ ਉੱਤੇ ਮਰਹੱਟਾਂ ਰਾਜ ਨੇ ਆਪਣਾ ਕਬਜ਼ਾ ਕਰ ਲਿਆ ਸੀ। ਸ਼ਿਵਾ ਜੀ ਦੇ ਕਬਜ਼ੇ ਵਿੱਚ 240 ਦੇ ਕਰੀਬ ਕਿਲ੍ਹੇ ਸਨ ਅਤੇ ਉਸ ਸਮੇਂ ਮਰਹੱਟਾ ਰਾਜ ਦੀ ਸਾਲਾਨਾ ਆਮਦਨ 7 ਕਰੋੜ ਦੇ ਕਰੀਬ ਸੀ।

3. ਸ਼ਿਵਾ ਜੀ ਇੱਕ ਸੈਨਿਕ ਲੀਡਰ ਦੇ ਤੌਰ ਤੇ:

ਸ਼ਿਵਾ ਜੀ ਇਕ ਮਹਾਨ ਯੋਧਾ ਅਤੇ ਉੱਚ ਕੋਟੀ ਦੇ ਸੈਨਾਪਤੀ ਸਨ। ਉਸਨੂੰ ਆਪਣੇ ਪਿਤਾ ਤੋਂ ਇਕ ਛੋਟੀ ਜਿਹੀ ਜਾਗੀਰ ਪ੍ਰਾਪਤ ਹੋਈ ਸੀ, ਪਰੰਤੂ ਉਸ ਨੌਜਵਾਨ ਨੇ ਇਸ ਨੂੰ ਇਕ ਵਿਸ਼ਾਲ ਸਾਮਰਾਜ ਵਿਚ ਬਦਲ ਦਿੱਤਾ। ਇਹ ਉਸਦੇ ਸੈਨਿਕ ਗੁਣਾਂ ਦਾ

ਸਭ ਤੋਂ ਵੱਡਾ ਸਬੂਤ ਹੈ। ਉਸ ਨੇ ਆਪਣੇ ਦਿਮਾਗ ਦੇ ਨਾਲ ਹੀ ਯੁੱਧ ਦੀ ਛਾਪੇਮਾਰ ਪ੍ਰਣਾਲੀ ਨੂੰ ਅਪਣਾਇਆ, ਜੋ ਉਸ ਦੇ ਸੈਨਿਕਾਂ ਦੇ ਜਾਤੀ ਆਚਰਣ ਅਤੇ ਮਹਾਂਰਾਸ਼ਟਰ ਦੀ ਭੂਗੋਲਿਕ ਅਵਸਥਾ ਦੇ ਪੂਰੇ ਤੋਰ ਤੇ ਅਨੁਕੂਲ ਸੀ। ਇਸ ਛਾਪੇਮਾਰ ਪ੍ਰਣਾਲੀ ਦੇ ਕਾਰਨ ਹੀ ਉਹ ਬੀਜਾਪੁਰੀਆਂ, ਮੁਗਲਾਂ ਅਤੇ ਸਿੰਧੀਆਂ ਦਾ ਸਫਲਤਾ ਪੂਰਵਕ ਵਿਰੋਧ ਕਰ ਸਕਿਆ। ਛਲ ਕਪਟ ਅਤੇ ਕੂਟਨੀਤੀ ਵਿਚ ਤਾਂ ਕੋਈ ਵੀ ਸ਼ਿਵਾ ਜੀ ਨੂੰ ਮਾਤ ਨਹੀਂ ਕਰ ਸਕਦਾ ਸੀ। ਜਿਸ ਦਲੇਰੀ ਅਤੇ ਚਲਾਕੀ ਨਾਲ ਸ਼ਿਵਾ ਜੀ ਨੇ ਪੂਨਾ ਵਿੱਚ ਆਪਣੇ ਸੈਨਿਕਾਂ ਸਹਿਤ ਸ਼ਾਇਸਤਾ ਖਾਂ ਉੱਤੇ ਅਚਾਨਕ ਹਮਲਾ ਕਰ ਦਿੱਤਾ ਸੀ ਅਤੇ ਆਗਰੇ ਦੇ ਕਿਲ੍ਹੇ ਦੀ ਕੈਦ 'ਚੋਂ ਕਿਵੇਂ ਲੁੱਕ ਕੇ ਆਪਣੇ ਆਪ ਨੂੰ ਮੁਕਤ ਕਰਵਾਇਆ ਸੀ, ਉਸ ਦੀ ਵਡਿਆਈ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਬਹੁਤ ਥੋੜ੍ਹੇ ਸੈਨਿਕਾਂ ਦੇ ਨਾਲ ਇਹ ਮਹਾਨ ਸੈਨਿਕ ਨੇਤਾ ਕਈ ਸਾਲਾਂ ਤੱਕ ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਵਿਰੁੱਧ ਸਫਲਤਾ ਪੂਰਵਕ ਯੁੱਧ ਕਰਦਾ ਰਿਹਾ। ਉਸ ਦੀ ਸਫਲਤਾ ਦਾ ਅਨੁਮਾਨ ਮੁਗਲ ਸਮਰਾਟ ਔਰੰਗਜੇਬ ਦੇ ਇਨ੍ਹਾਂ ਸ਼ਬਦਾਂ ਤੋਂ ਭਲੀ ਭਾਂਤ ਲਗਾਇਆ ਜਾ ਸਕਦਾ ਹੈ, ''ਮੇਰੀ ਸੈਨਾ ਉੱਨੀ ਸਾਲਾਂ ਤੋਂ ਸ਼ਿਵਾ ਜੀ ਵਿਰੁੱਧ ਲੜ ਰਹੀ ਹੈ, ਪਰੰਤੂ ਫਿਰ ਵੀ ਉਸ ਦੇ ਰਾਜ ਦਾ ਵਿਸਥਾਰ ਹੁੰਦਾ ਜਾ ਰਿਹਾ ਹੈ।''

ਇਕ ਬਹਾਦਰ ਅਤੇ ਚਤੁਰ ਯੋਧਾ ਹੋਣ ਦੇ ਨਾਲ ਸ਼ਿਵਾ ਜੀ ਇਕ ਮਹਾਨ ਸ਼ਾਸਕ ਵੀ ਸਨ। ਉਸ ਨੇ ਆਪਣੀ ਯੋਗਤਾ ਨਾਲ ਇਕ ਸੰਗਠਿਤ ਤੇ ਸ਼ਕਤੀਸ਼ਾਲੀ ਪ੍ਰਣਾਲੀ ਕਾਇਮ ਕੀਤੀ। ਘੋੜ ਸਵਾਰ ਸੈਨਾ ਤੇ ਪੈਦਲ ਸੈਨਾ ਨੂੰ ਇਕਾਈਆਂ ਤੇ ਉਪ ਇਕਾਈਆਂ ਵਿਚ ਵੰਡਿਆ ਗਿਆ ਅਤੇ ਉਹਨਾਂ ਦਾ ਨਿਯਮ ਅਨੁਸਾਰ ਸੰਗਠਨ ਕੀਤਾ ਗਿਆ। ਮਹਾਂਰਾਸ਼ਟਰ ਦੇ ਵੱਖ ਵੱਖ ਭਾਗਾਂ ਵਿਚ ਰੱਖਿਆ ਲਈ ਕਿਲ੍ਹਿਆਂ ਦਾ ਜਾਲ ਵਿਛਾ ਦਿੱਤਾ ਗਿਆ। ਸਭ ਤੋਂ ਵੱਧ ਕੇ ਸ਼ਿਵਾ ਜੀ ਪਹਿਲਾਂ ਭਾਰਤੀ ਹਾਕਮ ਸੀ ਜਿਸ ਨੇ ਜਲ ਸੈਨਾ ਦੇ ਮਹੱਤਵ ਨੂੰ ਸਮਝਦੇ ਹੋਏ ਸਮੁੰਦਰੀ ਬੇੜਾ ਸਥਾਪਤ ਕੀਤਾ ਸੀ।

4. ਸ਼ਿਵਾ ਜੀ ਦਾ ਸੈਨਿਕ ਸੰਗਠਨ:

ਸ਼ਿਵਾ ਜੀ ਰਾਜ ਪ੍ਰਬੰਧ ਦਾ ਮੁਖੀਆ ਆਪ ਸੀ। ਉਸ ਕੋਲ ਸੈਨਿਕ ਅਤੇ ਨਿਆਂ ਪ੍ਰਬੰਧ ਸੰਬੰਧੀ ਪੂਰਨ ਸ਼ਕਤੀਆਂ ਸਨ। ਉਸ ਦੀਆਂ ਸ਼ਕਤੀਆਂ ਤਾਨਾਸ਼ਾਹ ਦੀਆਂ ਸ਼ਕਤੀਆਂ ਸਨ। ਉਸ ਦੀ ਇੱਛਾ ਹੀ ਕਾਨੂੰਨ ਸੀ। ਉਹ ਵੱਡੇ ਵੱਡੇ ਮੰਤਰੀਆਂ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰਦਾ ਸੀ ਅਤੇ ਜਦੋਂ ਵੀ ਚਾਹੇ ਨੌਕਰੀ ਤੋਂ ਕੱਢ ਸਕਦਾ ਸੀ। ਪਰੰਤੂ ਤਾਨਾਸ਼ਾਹ ਹੁੰਦੇ ਹੋਏ ਵੀ ਸ਼ਿਵਾ ਜੀ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਨਹੀਂ ਕਰਦਾ। ਸ਼ਿਵਾ ਜੀ ਨੇ ਸਿਵਲ ਅਤੇ ਫੌਜੀ ਰਾਜ ਪ੍ਰਬੰਧ ਚਲਾਉਣ ਲਈ ਅੱਠ ਮੰਤਰੀਆਂ ਦਾ ਮੰਤਰੀ ਮੰਡਲ ਬਣਾਇਆ ਹੋਇਆ ਸੀ। ਜਿਸ ਨੂੰ ਅਸ਼ਟ ਪ੍ਰਧਾਨ (Ashta Pradhan) ਕਿਹਾ ਜਾਂਦਾ ਸੀ। ਮੰਤਰੀ ਨਿੱਜੀ ਰੂਪ ਵਿਚ ਰਾਜਾ ਪ੍ਰਤੀ ਉੱਤਰਦਾਈ ਹੁੰਦੇ ਸਨ। ਹਰੇਕ ਆਪਣੇ ਵਿਭਾਗ ਨੂੰ ਠੀਕ ਢੰਗ ਨਾਲ ਚਲਾਉਣ ਲਈ ਜਿੰਮੇਵਾਰ ਹੁੰਦਾ ਸੀ।

4.1 ਪੇਸ਼ਵਾ (Peshwa):

ਪੇਸ਼ਵਾ ਰਾਜ ਦਾ ਪ੍ਰਧਾਨ ਮੰਤਰੀ ਸੀ। ਉਹ ਸਿਵਲ ਅਤੇ ਫੌਜੀ ਕੰਮਾਂ ਲਈ ਜਿੰਮੇਵਾਰ ਹੁੰਦਾ ਸੀ। ਰਾਜੇ ਦੇ ਸਲਾਹਕਾਰ ਦੇ ਰੂਪ ਵਿਚ ਵੀ ਕੰਮ ਕਰਦਾ ਸੀ ਅਤੇ ਰਾਜੇ ਦੀ ਗੈਰ ਹਾਜ਼ਰੀ ਵਿਚ ਪੇਸ਼ਵਾ ਹੀ ਰਾਜੇ ਦੇ ਕੰਮ ਕਾਜ ਨੂੰ ਸੰਭਾਲਦਾ ਸੀ। ਸਰਕਾਰੀ ਫੁਰਮਾਨਾਂ ਵਿਚ ਰਾਜੇ ਦੀ ਮੁਹਰ ਥੱਲੇ ਉਸ ਦੀ ਮੁਹਰ ਵੀ ਲੱਗਦੀ ਸੀ।

4.2 ਅਮਾਤਯ (Amatya): ਅਮਾਤਯ ਵਿੱਤ ਵਿਭਾਗ ਦਾ ਮੁੱਖੀ ਹੁੰਦਾ ਸੀ। ਇਹ ਰਾਜ ਦੀ ਆਮਦਨ ਅਤੇ ਖਰਚ ਦਾ ਹਿਸਾਬ ਕਿਤਾਬ ਰੱਖਦਾ ਸੀ। ਲੜਾਈ ਦੇ ਦੌਰਾਨ ਇਹ ਫੌਜੀ ਕੰਮ ਵਿਚ ਵੀ ਹੱਥ ਵਟਾਉਂਦਾ ਸੀ ਅਤੇ ਫੌਜੀ ਕੰਮਾਂ ਲਈ ਪੈਸਾ ਖਰਚ ਕਰਦਾ ਸੀ।

4.3 ਮੰਤਰੀ (Mantri): ਮੰਤਰੀ ਰਾਜ ਦਾ 'ਵਾਕਿਆ ਨਵੀਸ' ਵੀ ਕਿਹਾ ਜਾਂਦਾ ਸੀ। ਇਸ ਦਾ ਮੁੱਖ ਕੰਮ ਰਾਜਾ ਦੇ ਪ੍ਰੋਗਰਾਮ ਬਨਾਉਣਾ ਅਤੇ ਰਾਜ ਦਰਬਾਰ ਦੇ ਕੰਮਾਂ ਦਾ ਰਿਕਾਰਡ ਰੱਖਣਾ ਸੀ। ਇਸ ਤੋਂ ਇਲਾਵਾ ਇਹ ਰਾਜੇ ਦੇ ਭੋਜਨ ਅਤੇ ਰਾਜੇ ਨੂੰ ਮਿਲਣ ਵਾਲੇ ਬੰਦਿਆਂ ਤੇ ਕਰੜੀ ਨਜ਼ਰ ਰੱਖਦਾ ਸੀ ਤਾ ਜੋ ਰਾਜੇ ਦਾ ਕੋਈ ਦੁਸ਼ਮਣ ਧੋਖੇ ਨਾਲ ਰਾਜੇ ਨੂੰ ਨੁਕਸਾਨ ਨਾ ਪਹੁੰਚਾਵੇ।

4.4. ਸਚਿਵ (Sachiv): ਇਹ ਇਕ ਪ੍ਰਕਾਰ ਦਾ ਸੁਪਰਿਟੈਂਡੈਂਟ ਹੁੰਦਾ ਸੀ। ਉਹ ਸਰਕਾਰੀ ਪੱਤਰਾਂ ਦੀ ਪਾਂਡੂ ਲਿਪੀ ਠੀਕ ਢੰਗ ਨਾਲ ਤਿਆਰ ਕਰਵਾਉਂਦਾ ਸੀ ਅਤੇ ਸਾਰੇ ਪੱਤਰਾ ਨੂੰ ਰਜਿਸਟਰ ਵਿਚ ਦਰਜ ਕਰਕੇ ਉਨ੍ਹਾਂ ਦੇ ਆਰੰਭ ਵਿਚ 'ਸ਼ੁਰੂ ਸ਼ੁਦ' ਅਰਥਾਤ 'ਇਥੋਂ ਸ਼ੁਰੂ ਹੋਇਆ' ਲਿਖ ਦੇਂਦਾ ਸੀ। ਇਹ ਸਾਰੇ ਸਰਕਾਰੀ ਪੱਤਰਾ ਦੀ ਜਾਂਚ ਵੀ ਕਰਦਾ ਸੀ।

4.5 ਸੁਮੰਤ (Sumant): ਸੁਮੰਤ ਵਿਦੇਸ਼ੀ ਕੰਮਾ ਦਾ ਮੰਤਰੀ ਹੁੰਦਾ ਸੀ ਅਤੇ ਰਾਜੇ ਨੂੰ ਵਿਦੇਸ਼ ਸੰਬੰਧੀ ਮਾਮਲਿਆਂ ਦੀ ਸਲਾਹ ਦਿੰਦਾ ਸੀ। ਵਿਦੇਸ਼ੀ ਰਾਜਦੂਤਾਂ ਦਾ ਸਵਾਗਤ ਕਰਨਾ ਅਤੇ ਉਨ੍ਹਾ ਦੇ ਠਹਿਰਨ ਦਾ ਪ੍ਰਬੰਧ ਕਰਨਾ ਇਸ ਦੇ ਮੁੱਖ ਕਰਤੱਵ ਸਨ। ਇਹ ਜਾਸੂਸੀ ਵਿਭਾਗ ਦੇ ਕੰਮ ਉੱਪਰ ਵੀ ਨਜ਼ਰ ਰੱਖਦਾ ਸੀ।

4.6 ਪੰਡਤ ਰਾਓ (Pandit Rao): ਇਹ ਧਾਰਮਿਕ ਕੰਮਾਂ ਦਾ ਮੰਤਰੀ ਹੁੰਦਾ ਸੀ। ਰਾਜੇ ਵੱਲੋਂ ਬ੍ਰਾਹਮਣਾ ਦਾ ਸਤਿਕਾਰ ਕਰਨਾ

ਅਤੇ ਧਾਰਮਿਕ ਰੀਤੀ ਰਿਵਾਜਾਂ ਲਈ ਨਿਯਮ ਬਨਾਉਣਾ ਉਸ ਦੇ ਮਹੱਤਵਪੂਰਨ ਕੰਮ ਸਨ।

4.7 ਸੈਨਾਪਤੀ (Senapati): ਸੈਨਾਪਤੀ ਫੌਜ ਦਾ ਮੁਖੀ ਹੁੰਦਾ ਸੀ। ਲੜਾਈ ਸਮੇਂ ਇਹ ਫੌਜ ਦੀ ਕਮਾਨ ਕਰਦਾ ਸੀ ਅਤੇ ਲੁੱਟੇ ਹੋਏ ਮਾਲ ਦਾ ਹਿਸਾਬ ਰੱਖਦਾ ਸੀ।

4.8 ਨਿਆਂਧੀਸ਼ (Neyyadheesh): ਇਹ ਨਿਆਂ ਵਿਭਾਗ ਦਾ ਮੁੱਖ ਅਫਸਰ ਹੁੰਦਾ ਸੀ। ਇਹ ਦੀਵਾਨੀ ਅਤੇ ਫੌਜਦਾਰੀ ਮੁਕੱਦਮਿਆਂ ਦੀ ਸੁਣਵਾਈ ਕਰਦਾ ਸੀ ਅਤੇ ਫੈਸਲੇ ਦਿੰਦਾ ਸੀ। ਇਸ ਤੋਂ ਇਲਾਵਾ ਰਾਜ ਦੀਆ ਛੋਟੀਆਂ ਅਦਾਲਤਾ ਦੇ ਕੰਮ ਦੀ ਨਿਗਰਾਨੀ ਰੱਖਦਾ ਸੀ।

ਸ਼ਿਵਾ ਜੀ ਇਕ ਜਮਾਂਦਰੂ ਸੈਨਿਕ ਨੇਤਾ ਸੀ। ਉਸ ਨੇ ਇਹ ਅਨੁਭਵ ਕੀਤਾ ਕਿ ਵਧੀਆ ਸੈਨਿਕ ਪ੍ਰਣਾਲੀ ਬਿਨਾਂ ਉਸ ਦਾ ਰਾਜ ਸੁਰੱਖਿਅਤ ਨਹੀਂ ਰਹਿ ਸਕਦਾ। ਇਸ ਲਈ ਉਸਨੇ ਇਕ ਚੰਗੀ ਤਰ੍ਹਾਂ ਸੰਗਠਿਤ ਅਤੇ ਸ਼ਕਤੀਸ਼ਾਲੀ ਸੈਨਿਕ ਪ੍ਰਣਾਲੀ ਕਾਇਮ ਕੀਤੀ। ਉਸ ਦੇ ਕੋਲ ਇਕ ਵੱਡੀ ਸਥਾਈ ਸੈਨਾ ਸੀ, ਜਿਸ ਵਿਚ 45,000 ਘੋੜ ਸਵਾਰ, 10,000 ਪਿਆਦਾ, 1260 ਹਾਥੀ ਅਤੇ 200 ਜਲ ਸੈਨਿਕ ਸਨ।

ਸ਼ਿਵਾ ਜੀ ਦੀ ਫੌਜ ਮੁੱਖ ਤੌਰ ਤੇ ਤਿੰਨ ਭਾਗਾਂ ਵਿਚ ਵੰਡੀ ਗਈ ਸੀ। ਇਹ ਭਾਗ ਸਨ। ਘੋੜਸਵਾਰ ਫੌਜ, ਪੈਦਲ ਫੌਜ ਅਤੇ ਤੋਪਖਾਨਾ। ਪਹਿਲਾਂ ਇਹਨਾਂ ਤਿੰਨਾਂ ਭਾਗਾਂ ਤੋਂ ਹੀ ਕੰਮ ਲਿਆ ਗਿਆ ਸੀ। ਪਰ ਬਾਅਦ ਵਿਚ ਨੇਵੀ (Navy) ਦਾ ਵੀ ਵਿਸਤਾਰ ਕਰ ਲਿਆ ਸੀ। ਫੌਜ ਮੁੱਖ ਤੌਰ ਤੇ ਇਸ ਤਰ੍ਹਾਂ ਵੰਡੀ ਹੋਈ ਸੀ: ਘੋੜਸਵਾਰ ਫੌਜ ਅਤੇ ਪੈਦਲ ਫੌਜ/ਸ਼ਿਵਾ ਜੀ ਲੜਾਈਆਂ ਦੌਰਾਨ ਗਤੀਸ਼ੀਲਤਾ ਅਤੇ ਫੁਰਤੀ ਨੂੰ ਸਭ ਤੋਂ ਵਧੇਰੇ ਵਰਤਦੇ ਸਨ। ਪਰ ਫਿਰ ਵੀ ਉਨ੍ਹਾਂ ਦੀ ਘੋੜਸਵਾਰ ਸੈਨਾ ਦੀ ਗਿਣਤੀ ਪੈਦਲ ਫੌਜ ਤੋਂ ਜ਼ਿਆਦਾ ਨਹੀਂ ਸੀ। ਸ਼ਿਵਾ ਜੀ ਜ਼ਿਆਦਾ ਕਰਕੇ ਪੱਥਰੀਲੇ ਪਹਾੜੀ ਖੇਤਰਾਂ ਵਿਚ ਹੀ ਆਪਣੇ ਲਈ ਖੇਤਰ ਜਿੱਤਦੇ ਰਹੇ ਹਨ। ਇਹਨਾਂ ਮੁਹਿੰਮਾਂ ਵਿਚ ਬਹਾਦਰ ਪੈਦਲ ਫ਼ੌਜੀ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਘੋੜਸਵਾਰ ਫੌਜ ਪ੍ਰਕਾਰ ਪਾਗਾ ਅਤੇ ਸਿਲ੍ਹੇਦਾਰ ਦੀ ਹੁੰਦੀ ਸੀ। ਪਾਗਾ ਉਹ ਘੋੜ ਸਵਾਰ ਸਨ ਜਿਹੜੇ ਮੁੱਢ ਤੋਂ ਹੀ ਸ਼ਿਵਾ ਜੀ ਦੇ ਵਿਅਕਤੀਗਤ ਪੈਰੋਕਾਰ ਅਤੇ ਉਹਨਾਂ ਦੇ ਰਾਖੇ ਰਹੇ ਸਨ। ਸ਼ਿਵਾ ਜੀ ਦੇ ਰਾਜ ਭਾਗ ਵਿਚ ਵਾਧਾ ਹੋਣ ਦੇ ਨਾਲ ਹੀ ਇਨ੍ਹਾਂ ਦੀ ਗਿਣਤੀ ਵਿਚ ਵੀ ਵਾਧਾ ਹੁੰਦਾ ਗਿਆ ਸੀ। ਇਹ ਵੀ ਉਹਨਾਂ ਹਥਿਆਰਾਂ ਨਾਲ ਲੈਸ ਹੁੰਦੇ ਸਨ। ਜਿਨ੍ਹਾਂ ਨਾਲ ਦੂਸਰੇ ਘੋੜ ਸਵਾਰ ਲੈਸ ਹੁੰਦੇ ਸਨ। ਪਰ ਇਹਨਾਂ ਘੋੜ ਸਵਾਰਾਂ ਦੇ ਘੋੜੇ ਹਥਿਆਰ ਅਤੇ ਦੂਸਰਾ ਸਮਾਨ ਰਾਜ ਵੱਲੋਂ ਮੁਹੱਈਆ ਕੀਤਾ ਜਾਂਦਾ ਸੀ।

ਦੂਸਰਾ ਵਰਗ ਸਿਲ੍ਹੇਦਾਰ ਘੋੜ ਸਵਾਰਾਂ ਦਾ ਸੀ। ਇਹ ਘੋੜ ਸਵਾਰ ਉਹਨਾਂ ਲੋਕਾਂ ਵਰਗੇ ਹੀ ਸਨ। ਜਿਨ੍ਹਾਂ ਨੂੰ ਕੁੱਟਲਿਆ ਨੇ ਬਹਾਦਰ ਚੋਰ ਅਤੇ ਲੜਾਕੂ ਜਾਤੀਆਂ ਦੇ ਲੋਕ ਆਖਿਆ ਸੀ ਅਤੇ ਜਿਹੜੇ ਸਮੇਂ ਅਨੁਸਾਰ ਆਪਣੀ ਕਾਰਵਾਈ ਵਿਚ ਦੁਸ਼ਮਣ ਅਤੇ ਦੋਸਤ ਦੀ ਪ੍ਰਵਾਹ ਨਹੀ ਕਰਦੇ ਸਨ। ਇਹ ਲੁੱਟਮਾਰ ਕਰਨ ਵਾਲੇ ਉਹ ਘੋੜ ਸਵਾਰ ਸਨ ਜਿਨ੍ਹਾਂ ਨੂੰ ਕੁਝ ਸਮੇਂ ਲਈ ਭਰਤੀ ਕੀਤਾ ਜਾਂਦਾ ਸੀ। ਲੜਾਈ ਦੌਰਾਨ ਇਹ ਦੁਸ਼ਮਣ ਦੀ ਭਾਰੀ ਲੁੱਟ ਮਾਰ ਕਰਦੇ ਸਨ ਅਤੇ ਉਹਨਾਂ ਦਾ ਮਨੋਬਲ ਤੋੜ ਦਿੰਦੇ ਸਨ। ਇਹਨਾਂ ਵਿਚ ਅਨੁਸ਼ਾਸਨ ਬਣਾਈ ਰੱਖਣ ਲਈ ਸ਼ਿਵਾ ਜੀ ਨੇ ਸਿਲੇਵਾਰ ਘੋੜ ਸਵਾਰਾਂ ਦੀ ਗਿਣਤੀ ਪਾਗਾ ਘੋੜ ਸਵਾਰਾਂ ਦੀ ਗਿਣਤੀ ਤੋਂ ਕਿਤੇ ਹੇਠ ਹੀ ਰੱਖੀ ਸੀ। ਸ਼ਿਵਾ ਜੀ ਤੋਂ ਬਾਅਦ ਪੇਸ਼ਵਾ ਵੱਲੋਂ ਘੋੜ ਸਵਾਰਾਂ ਦਾ ਤੀਜਾ ਵਰਗ ਵੀ ਰਖ ਲਿਆ ਸੀ। ਜਿਨ੍ਹਾਂ ਨੂੰ 'ਲੇਕਾਸ' ਆਖਿਆ ਜਾਂਦਾ ਸੀ। ਇਹ ਸਵੈ-ਇਛੁਕ ਘੋੜ ਸਵਾਰ ਹੁੰਦੇ ਸਨ। ਇਹਨਾਂ ਨੂੰ ਆਪਣਾ ਘੋੜਾ ਹਥਿਆਰ ਅਤੇ ਦੂਸਰਾ ਸਾਜੋ ਸਮਾਨ ਆਪ ਹੀ ਲਿਆਉਣਾ ਪੈਂਦਾ ਸੀ।

ਸ਼ਿਵਾ ਜੀ ਦਾ ਘੋੜ ਸਵਾਰ ਫੌਜ ਵਿਚ ਅਫ਼ਸਰਾਂ ਦੀ ਸ਼੍ਰੇਣੀ ਪੈਦਲ ਫੌਜ ਵਾਂਗ ਹੀ ਹੁੰਦੀ ਸੀ, ਘੋੜ ਸਵਾਰਾਂ ਨੂੰ ਟੁਕੜੀਆਂ ਵਿਚ ਵੰਡਿਆ ਗਿਆ ਸੀ। ਹਰੇਕ ਟੁਕੜੀ ਦਾ ਇਕ ਅਫਸਰ ਨਿਯੁਕਤ ਕੀਤਾ ਗਿਆ ਸੀ। ਇਕ ਹਵਲਦਾਰ ਹੇਠ 25 ਪਾਗਾਂ ਘੋੜ ਸਵਾਰ ਹੁੰਦੇ ਸਨ। ਇਕ ਜੁਲਮਦਾਰ ਆਪਣੇ ਹੇਠ ਪੰਜ ਹਵਲਦਾਰ ਰਖਦਾ ਸੀ ਅਤੇ 10 ਜੁਲਮਦਾਰ ਉਪਰਲਾ ਅਫ਼ਸਰ ਇੱਕ ਹਜ਼ਾਰੀ ਅਖਵਾਉਂਦਾ ਸੀ। ਪੰਜ ਹਜ਼ਾਰੀ ਦੇ ਅਧੀਨ ਹਜ਼ਾਰੀਆਂ ਦੀ ਕਮਾਨ ਹੁੰਦੀ ਸੀ। ਸਭ ਤੋਂ ਵੱਡਾ ਅਫਸਰ ਸਰ-ਏ-ਨੌਬਤ ਸ਼ਿਵਾ ਜੀ ਸਿੱਧਾ ਜਵਾਬਦੇਹ ਹੁੰਦਾ ਸੀ।

4.10 ਪੈਦਲ ਫ਼ੌਜ: ਪੈਦਲ ਫ਼ੌਜ ਨੂੰ ਟੁਕੜਿਆਂ ਵਿਚ ਵੰਡਿਆ ਗਿਆ। ਟੁਕੜੀ ਉਪਰ ਇਕ ਅਫ਼ਸਰ ਨਿਯੁਕਤ ਕੀਤਾ ਗਿਆ ਸੀ। ਇਸ ਵਿਚ ਵੀ ਘੋੜ ਸਵਾਰ ਫੌਜ ਵਾਂਗ ਹੀ ਸਭ ਤੋਂ ਉੱਚੀ ਪਦਵੀ ਸਰ-ਏ-ਨੌਬਤ ਦੀ ਹੁੰਦੀ ਸੀ। ਸਭ ਤੋਂ ਛੋਟੀ ਟੁਕੜੀ ਸਿਪਾਹੀਆਂ ਦੀ ਨਾਇਕਾ ਹੇਠ ਹੁੰਦੀ ਸੀ, ਪੰਜ ਨਾਇਕਾਂ ਉਪਰ ਇਕ ਹਵਲਦਾਰ ਹੁੰਦਾ ਸੀ, ਤਿੰਨ ਹਵਲਦਾਰਾਂ ਉਪਰ ਇਕ ਜਮਾਦਾਰ ਹੁੰਦਾ ਸੀ। ਇਕ ਹਜ਼ਾਰੀ ਅਧੀਨ 10 ਜਮਾਂਦਾਰ ਕੰਮ ਕਰਦੇ ਸਨ। ਇਕ ਹਜ਼ਾਰੀ ਉਪਰ ਸੱਭ ਹਜ਼ਾਰੀ ਹੁੰਦਾ ਸੀ। ਉਹ ਸਰ-ਏ -ਨੌਬਤ ਦੀ ਕਮਾਨ ਹੇਠ ਲੜਾਈ ਵਿਚ ਭਾਗ ਲੈਂਦਾ ਸੀ। ਘੋੜ ਸਵਾਰ ਸਰ-ਏ-ਨੌਬਤ ਵਾਂਗ ਹੀ ਪੈਦਲ ਫੌਜ ਦਾ ਸਰ-ਏ-ਨੌਬਤ ਵੀ

ਆਪਣੀ ਫੌਜ ਲਈ ਸ਼ਿਵਾ ਜੀ ਨੂੰ ਜਵਾਬ-ਦੇਹ ਹੁੰਦਾ ਸੀ।

ਪੈਦਲ ਫੌਜ ਜੰਗ ਦੇ ਮੈਦਾਨ ਵਿਚ ਤਲਵਾਰਾਂ, ਬਰਛਿਆਂ, ਨੇਜਿਆਂ ਅਤੇ ਤੀਰ ਕਮਾਨਾਂ ਨਾਲ ਲੜਾਈ ਲੜਦੀ ਸੀ। ਮੈਦਾਨ ਜੰਗ ਵਿਚ ਪੈਦਲ ਫੌਜ ਦੁਆਰਾ ਵੱਡੀ ਗਿਣਤੀ ਵਿਚ ਬੰਦੂਕਾਂ ਵਰਤੀਆਂ ਜਾਂਦੀਆਂ ਸਨ।

4.11 ਤੋਪਖਾਨਾ: ਸ਼ਿਵਾ ਜੀ ਹਿੰਦੁਸਤਾਨ ਵਿਚ ਉਸ ਵਕਤ ਬੈਠੇ ਉਨ੍ਹਾਂ ਸੂਝਵਾਨ ਸਥਾਨਕ ਹਾਕਮਾਂ ਵਿਚੋਂ ਸਨ, ਜਿਨ੍ਹਾਂ ਨੇ ਤੋਪਖਾਨੇ ਦਾ ਸਹੀ ਮਹੱਤਵ ਸਮਝ ਲਿਆ ਸੀ। ਪਰ ਬਾਕੀ ਦੇ ਸਾਰੇ ਹੁਕਮਰਾਨਾ ਵਾਂਗ ਹੀ ਸ਼ਿਵਾ ਜੀ ਦਾ ਤੋਪਖਾਨਾ ਬਹੁਤਾ ਉੱਨਤ ਸੀ। ਸ਼ਿਵਾ ਜੀ ਨੇ ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ ਵਿਉਪਾਰੀਆਂ ਤੋਂ ਤੋਪਾਂ ਖਰੀਦ ਕੇ ਬਨਿਆ।

4.12 ਕਿਲ੍ਹੇ: ਸ਼ਿਵਾ ਜੀ ਨੇ ਕਿਲ੍ਹਿਆਂ ਉਪਰ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ। ਇਸ ਲਈ ਸਮੁੱਚੇ ਮਹਾਂਰਾਸ਼ਟਰ ਵਿਚ ਕਿਲ੍ਹਿਆਂ ਦਾ ਇਕ ਜਾਲ ਵਿਛ ਗਿਆ ਸੀ। ਜਿਥੇ ਵੀ ਕਿਤੇ ਕੋਈ ਦਰਾ ਸੀ, ਸ਼ਿਵਾ ਜੀ ਨੇ ਉਥੇ ਕਿਲ੍ਹੇ ਦਾ ਨਿਰਮਾਣ ਕੀਤਾ ਸੀ ਅਤੇ ਲਗਭਗ ਸਾਰੀਆਂ ਪਹਾੜੀਆਂ ਉਪਰ ਕਿਲ੍ਹੇ ਬਣਾਏ ਗਏ ਹਨ। ਸ਼ਿਵਾ ਜੀ ਦੇ ਰਾਜ ਵਿਚ 280 (ਕੁਝ ਇਤਿਹਾਸਕਾਰਾਂ ਅਨੁਸਾਰ 240) ਕਿਲ੍ਹੇ ਸਨ। ਹਰ ਇਕ ਕਿਲ੍ਹੇ ਦਾ ਮੁੱਖੀਆਂ ਇਕ ਹਵਲਦਾਰ ਹੁੰਦਾ ਸੀ। ਜਿਸ ਦੇ ਅਧੀਨ ਕਿਲ੍ਹੇ ਦੀ ਸੈਨਾ ਹੁੰਦੀ ਹੈ। ਉਸ ਦੀ ਸਹਾਇਤਾ ਲਈ ਇਕ ਬ੍ਰਾਹਮਣ ਸੂਬੇਦਾਰ ਅਤੇ ਪ੍ਰਭੂ ਜਾਤੀ ਦੇ ਕਈ ਹੋਰ ਕਰਮਚਾਰੀ ਹੁੰਦੇ ਸਨ। ਸੂਬੇਦਾਰ ਆਸ-ਪਾਸ ਦੇ ਪ੍ਰਦੇਸ਼ ਦਾ ਸਿਵਲ ਪ੍ਰਬੰਧ ਤੇ ਭੂਮੀਕਰ ਸੰਬੰਧੀ ਕੰਮ ਕਰਦਾ ਸੀ, ਜਦੋਂਕਿ ਦੂਜਾ ਕਰਮਚਾਰੀ ਕਿਲ੍ਹੇ ਦੀ ਸੈਨਾ ਲਈ ਰਸਦ ਆਦਿ ਦਾ ਪ੍ਰਬੰਧ ਕਰਦਾ ਸੀ।

4.13 ਸਮੁੰਦਰੀ ਫੌਜ: ਸ਼ਿਵਾ ਜੀ ਮਹਾਂਰਾਸ਼ਟਰ ਦੀ ਸਮੁੰਦਰੀ ਫੌਜ ਦਾ ਜਨਮ ਦਾਤਾ ਆਖਿਆ ਗਿਆ ਸੀ। ਉਸ ਨੂੰ ਬੰਦਰਗਾਹ ਅਤੇ ਸਮੁੰਦਰੀ ਫੌਜਾਂ ਦਾ ਮਹੱਤਵ ਭਲੀਭਾਂਤ ਸਮਝ ਲਿਆ ਸੀ। ਜਿਥੋਂ ਤੱਕ ਸ਼ਿਵਾ ਜੀ ਦੇ ਸਮੁੰਦਰੀ ਜਹਾਜ਼ਾਂ ਦੀ ਗਿਣਤੀ ਦਾ ਸੁਆਲ ਹੈ। ਇਸ ਬਾਰੇ ਵੱਖ ਵੱਖ ਅੰਦਾਜੇ ਪਾਏ ਜਾਂਦੇ ਹਨ। ਉਨ੍ਹਾਂ ਦੀ ਗਿਣਤੀ 100 ਤੋਂ ਲੈ ਕੇ 400 ਤੱਕ ਦੱਸੀ ਜਾਂਦੀ ਹੈ। ਜਹਾਜ਼ ਕਈ ਕਿਸਮ ਦੇ ਸਨ। ਘਰੇਲੂ ਜਹਾਜ਼ਾਂ ਉਪਰ ਤੋਪਾ ਵੀ ਬੀੜੀਆਂ ਗਈਆਂ ਸਨ। ਜਹਾਜ਼ਾਂ ਨੂੰ ਸੁਕੈਡਰਨਾਂ ਵਿਚ ਵੰਡਿਆ ਗਿਆ ਸੀ। ਉਹਨਾਂ ਦੀ ਕਮਾਨ ਐਡਮਿਰਲ ਕਰਦੇ ਸਨ।

4.14 ਤਨਖਾਹਾਂ ਅਤੇ ਇਨਾਮ: ਸ਼ਿਵਾ ਜੀ ਸੈਨਿਕਾਂ ਨੂੰ ਨਕਦ ਤਨਖਾਹਾਂ ਦਿੰਦਾ ਸੀ। ਇੱਕ ਹਜ਼ਾਰੀ ਦੀ ਸਾਲਾਨਾ ਤਨਖਾਹ ਇਕ ਹਜ਼ਾਰ ਹੁਨ ਸੀ, ਜਦੋਂ ਕਿ ਪੰਜ-ਹਜ਼ਾਰੀ ਨੂੰ ਵੱਧ ਤੋਂ ਵੱਧ ਦੋ ਹਜ਼ਾਰ ਹੁਨ ਸਾਲਾਨਾ ਦਿੱਤੇ ਜਾਂਦੇ ਸਨ। ਤਨਖਾਹ ਦੇ ਇਲਾਵਾ, ਰਾਜ ਦੀਆਂ ਸ਼ਲਾਘਾਯੋਗ ਸੇਵਾਵਾਂ ਕਰਨ ਵਾਲੇ ਸੈਨਿਕਾਂ ਨੂੰ ਇਨਾਮ ਦਿੱਤੇ ਜਾਂਦੇ ਸਨ। ਲੜਾਈ ਵਿਚ ਮਰ ਜਾਣ ਵਾਲੇ ਸੈਨਿਕਾਂ ਦੇ ਪ੍ਰਵਾਰਾਂ ਨੂੰ ਸਰਕਾਰ ਵੱਲੋਂ ਮਦਦ ਦਿੱਤੀ ਜਾਂਦੀ ਸੀ।

4.15 ਅਨੁਸ਼ਾਸ਼ਨ ਅਤੇ ਲੁੱਟਮਾਰ ਦੇ ਨਿਯਮ: ਸ਼ਿਵਾ ਜੀ ਨੇ ਆਪਣੀ ਸੈਨਾ ਵਿਚ ਸਖਤ ਅਨੁਸ਼ਾਸਨ ਕਾਇਮ ਰੱਖਿਆ। ਉਸ ਨੇ ਸੈਨਿਕਾਂ ਨੂੰ ਹੁਕਮ ਦੇ ਰੱਖਿਆ ਸੀ ਕਿ ਆਪਣੇ ਆਚਰਣ ਨੂੰ ਉੱਚਾ ਰੱਖਣ। ਹਮਲਾ ਕਰਦੇ ਸਮੇਂ ਉਹ ਇਸਤਰੀਆਂ, ਦਾਸੀਆਂ ਅਤੇ ਨੱਚਣ ਵਾਲੀਆਂ ਲੜਕੀਆਂ ਨੂੰ ਨਾਲ ਨਹੀਂ ਲਿਜਾ ਸਕਦੇ। ਇਸ ਨਿਯਮ ਦੇ ਭੰਗ ਕਰਨ ਵਾਲੇ ਨੂੰ ਮੌਤ ਦੀ ਸਜਾ ਦਿੱਤੀ ਜਾਂਦੀ ਸੀ। ਉਸ ਦੀ ਇਹ ਵੀ ਆਗਿਆ ਸੀ ਕਿ ਦੁਸ਼ਮਣਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਉੱਤੇ ਵਾਰ ਨਾ ਕੀਤਾ ਜਾਏ, ਬਲਕਿ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਰੱਖਿਆ ਕੀਤੀ ਜਾਏ। ਗਊਆਂ ਅਤੇ ਕਿਸਾਨਾਂ ਦੀ ਵੀ ਰੱਖਿਆ ਕਰਨਾ ਸੈਨਿਕਾਂ ਦਾ ਕਰਤੱਵ ਸੀ।

ਸ਼ਿਵਾ ਜੀ ਦੀ ਸੈਨਾ ਵਿਚ ਅੱਠ ਮਹੀਨਿਆਂ ਤੱਕ ਲਗਾਤਾਰ ਹਮਲੇ ਕਰਨ ਅਤੇ ਲੁੱਟ ਮਾਰ ਕਰਨ ਦਾ ਨਿਯਮ ਪ੍ਰਚਲਤ ਸੀ। ਬਰਸਾਤ ਦੇ ਚਾਰ ਮਹੀਨੇ ਕਿਲ੍ਹਿਆਂ ਵਿੱਚ ਅਤੇ ਛਾਉਣੀਆਂ ਵਿੱਚ ਬਤੀਤ ਕੀਤੇ ਜਾਂਦੇ ਸਨ। ਸੈਨਿਕ ਲੁੱਟਮਾਰ ਦੀਆਂ ਕੀਮਤੀ ਚੀਜ਼ਾਂ ਕੋਲ ਨਹੀਂ ਰੱਖ ਸਕਦੇ ਸਨ। ਇਕ ਇਤਿਹਾਸਕਾਰ ਅਨੁਸਾਰ ਸ਼ਿਵਾ ਜੀ ਨੇ ਇਹ ਨਿਯਮ ਬਣਾ ਦਿੱਤਾ ਸੀ ਕਿ ਪਿੱਤਲ ਅਤੇ ਤਾਂਬੇ ਦੀਆਂ ਵਸਤਾਂ ਜੇ ਕੋਈ ਸੈਨਿਕ ਲੁੱਟਦਾ ਸੀ ਉਹ ਉਸੇ ਨੂੰ ਦਿੱਤੀਆਂ ਜਾਂਦੀਆਂ ਸਨ, ਪਰੰਤੂ ਸੋਨਾ, ਚਾਂਦੀ ਅਤੇ ਹੀਰੇ ਜਵਾਹਰਾਤ ਸਰਕਾਰ ਕੋਲ ਜਮ੍ਹਾਂ ਕਰਵਾਉਣੇ ਪੈਂਦੇ ਸਨ।

5. ਫੌਜੀ ਸੰਗਠਨ ਦੀਆਂ ਵਿਸ਼ੇਸ਼ਤਾਈਆਂ ਅਤੇ ਘਾਟਾਂ: ਸ਼ਿਵਾ ਜੀ ਨੇ ਇਕ ਖਾਸ ਪ੍ਰਕਾਰ ਦੀਆਂ ਭੂਗੋਲਿਕ ਸਥਿਤੀਆਂ ਵਿਚ ਪੂਰੀ ਤਰ੍ਹਾਂ ਪੂਰੀ ਢੁਕਵੀਂ ਯੁੱਧ ਪ੍ਰਣਾਲੀ ਵਿਕਸਿਤ ਕਰ ਲਈ ਅਤੇ ਉਸ ਨੂੰ ਸਫਲਤਾ ਪੂਰਨ ਲਾਗੂ ਕੀਤਾ ਸੀ। ਸ਼ਿਵਾ ਜੀ ਦੀ ਵਿਸ਼ੇਸ਼ਤਾ ਇਹ ਨਹੀਂ ਸੀ ਕਿ ਉਨ੍ਹਾਂ ਭੂਗੋਲਿਕ ਸਥਿਤੀ ਉਪਰ ਨਵੀਂ ਪ੍ਰਣਾਲੀ ਠੋਸੀ, ਸਗੋਂ ਇਹ ਕਿ ਉਨ੍ਹਾਂ ਭੂਗੋਲਿਕ ਸਥਿਤੀ ਦੀਆਂ ਸਾਰੀਆਂ ਜਟਲਤਾਵਾਂ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਉਹਨਾਂ ਦੇ ਅਨੁਸਾਰ ਪਿਛਲੀਆਂ ਰਵਾਇਤਾਂ ਨੂੰ ਨਾਲ ਲੈ ਕੇ ਯੁੱਧ ਦੀ ਕਾਰਗਰ ਪ੍ਰਣਾਲੀ ਵਿਕਸਿਤ ਕੀਤੀ। ਉਨ੍ਹਾਂ ਦੇ ਰੋਅ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਉਹਨਾਂ ਦੀਆਂ ਭਾਵਨਾਵਾਂ ਅਨੁਸਾਰ ਫੌਜੀ ਕਾਰਵਾਈਆਂ ਨੂੰ ਦਿਸ਼ਾ ਪ੍ਰਦਾਨ ਕੀਤੀ। ਇਸ ਕਰਕੇ ਉਨ੍ਹਾਂ ਨੂੰ ਉਥੇ ਦੇ ਲੋਕਾਂ ਦਾ ਭਾਰੀ ਸਮਰਥਨ ਹਾਸਲ ਹੋਇਆ। ਲੋਕਾਂ ਦੇ ਭਾਰੀ ਸਮਰਥਨ ਕਰਦੇ ਹੀ ਸ਼ਿਵਾ ਜੀ ਦੀ ਖੁਫੀਆ ਵਿਵਸਥਾ ਬੇਹੱਦ ਕੁਸ਼ਲ ਸੀ।

ਸ਼ਿਵਾ ਜੀ ਹਰ ਫੌਜੀ ਨੂੰ ਨਿੱਜੀ ਤੌਰ ਤੇ ਪਰਖ ਕੇ ਹੀ ਭਰਤੀ ਕਰਦੇ ਹੁੰਦੇ ਸਨ। ਸ਼ਿਵਾ ਜੀ ਵਿਚ ਨਿਸ਼ਾਨੇ ਦੀ ਪ੍ਰਾਪਤੀਆ ਲਈ ਦ੍ਰਿੜ੍ਹ ਭਾਵਨਾ ਵਾਸ ਕਰਦੀ ਸੀ। ਇਸ ਲਈ ਹੀ ਉਹ ਹਰ ਢੰਗ ਨਾਲ ਆਪਣੇ ਦੁਸ਼ਮਣ ਨੂੰ ਖ਼ਤਮ ਕਰਨ ਜਾਂ ਪਛਾੜਨ ਦੀ ਚਾਲ ਚੱਲਣ ਤੋਂ ਉਦਕੇ ਕਦੇ ਨਹੀਂ ਸਨ। ਉਹ ਉਸ ਸਾਰੇ ਪਾਸੇ ਨੂੰ ਛੱਡ ਦਿੰਦੇ ਸਨ ਜੋ ਉਹਨਾਂ ਦੇ ਨਿਸ਼ਾਨੇ ਦੀ ਪ੍ਰਾਪਤੀ ਵਿਚ ਅੜਚਨ ਖੜ੍ਹੀ ਕਰਦੇ ਸਨ।

ਸ਼ਿਵਾ ਜੀ ਦੀ ਸਭ ਤੋਂ ਵੱਡੀ ਘਾਟ ਸੀ, ਉਹਨਾਂ ਆਪਣੀਆਂ ਤੋਪਾਂ ਆਪ ਬਣਾਉਣ ਦਾ ਕੋਈ ਯਤਨ ਨਹੀਂ ਕੀਤਾ ਸੀ ਅਤੇ ਉਹ ਦੁਸ਼ਮਣ ਨਾਲ ਸਿੱਧੀ ਫੈਸਲਾਕੁਨ ਲੜਾਈ ਦੇ ਸਮਰਥ ਨਾ ਹੋ ਸਕੇ ਕਿਉਂਕਿ ਉਹਨਾਂ ਦਾ ਢੰਗ ਦੂਸਰਾ ਸੀ। ਉਹਨਾਂ ਦੁਆਰਾ ਲੁੱਟਮਾਰ ਦੀ ਆਗਿਆ ਦਿੱਤੀ ਜਾਂਦੀ ਰਹੀ ਜਿਸ ਦੇ ਉਸ ਉਸਨੂੰ ਕੁਝ ਸਮੇਂ ਕਈ ਲਾਭ ਵੀ ਹੋਏ। ਪਰ ਇਸ ਕਰਕੇ ਇਨ੍ਹਾਂ ਤੋਂ ਬਾਅਦ ਜਲਦ ਹੀ ਮਰਹੱਟਾ ਫੌਜ ਵਿਚ ਗਿਰਾਵਟ ਆ ਗਈ। ਸ਼ਿਵਾ ਜੀ ਦੀ ਫੌਜ ਸਿਰਫ ਅੱਠ ਮਹੀਨੇ ਹੀ ਸਰਗਰਮ ਅਤੇ ਜਥੇਬੰਦ ਰਹਿੰਦੀ ਸੀ। ਉਹਨਾਂ ਨੂੰ ਦੁਸ਼ਹਿਰੇ ਵਾਲੇ ਦਿਨ ਮੁੜ ਆਉਣ ਲਈ ਚਾਰ ਮਹੀਨੇ ਦੀਆਂ ਛੁੱਟੀਆਂ ਦਿੱਤੀਆਂ ਜਾਂਦੀਆਂ ਸਨ। ਛੁੱਟੀਆਂ ਸਮੇਂ ਲੋੜ ਪੈਣ ਤੇ ਫੌਜ ਇਕੱਠੀ ਕਰਨ ਤੇ ਕਈ ਹਫਤੇ ਲੱਗ ਜਾਂਦੇ ਸਨ। ਇਸ ਨਾਲ ਅਨੁਸ਼ਾਸਨ ਵਿਚ ਢਿੱਲ ਪੈਦਾ ਹੁੰਦੀ ਸੀ। ਪਰ ਫਿਰ ਵੀ ਇਹਨਾਂ ਘਾਟਾਂ ਨੂੰ ਸਮਾਜ ਦੇ ਉਪਰ ਪੱਧਰ ਤੇ ਰਖ ਪਰਖਦਿਆਂ ਜੇ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਤਾਂ ਘਟਾ ਕੇ ਜ਼ਰੂਰ ਵੇਖਿਆ ਜਾ ਸਕਦਾ ਹੈ। ਜਦੋਂ ਕਿ ਦੂਸਰੇ ਪਾਸੇ ਸ਼ਿਵਾ ਜੀ ਦੀਆਂ ਫੌਜਾਂ ਯੋਗਤਾਵਾਂ, ਲੜਾਈ ਲੜਨ ਦਾ ਉਹਨਾਂ ਦਾ ਗੁਰੀਲਾ ਢੰਗ ਉਹਨਾਂ ਨੂੰ ਅੱਜ ਵੀ ਇਕ ਮਹਾਨ ਜਰਨੈਲ ਸਾਬਤ ਕਰਦੇ ਹਨ।

6. ਸ਼ਿਵਾ ਜੀ ਦੇ ਲੜਨ ਦੇ ਤੌਰ ਤਰੀਕੇ:

ਸ਼ਿਵਾ ਜੀ ਨੇ ਇਕ ਖਾਸ ਪ੍ਰਕਾਰ ਦੀ ਭੂਗੋਲਿਕ ਸਥਿਤੀਆਂ ਵਿਚ ਪੂਰੀ ਢੁਕਵੀਂ ਯੁੱਧ ਪ੍ਰਣਾਲੀ ਵਿਕਸਤ ਕਰ ਲਈ। ਭੂਗੋਲਿਕ ਤੌਰ ਤੇ ਦੱਖਣ ਦੀ ਸਾਰੀ ਧਰਤੀ ਛੋਟੇ ਛੋਟੇ ਨਦੀਆਂ ਨਾਲਿਆਂ ਅਤੇ ਪਹਾੜੀਆਂ ਵਿਚ ਵੰਡੀ ਹੋਈ ਸੀ, ਇਸ ਲਈ ਸ਼ਿਵਾ ਜੀ ਨੇ ਇਸ ਦਾ ਪੂਰਾ ਪੂਰਾ ਲਾਭ ਉਠਾਇਆ ਅਤੇ ਇਨ੍ਹਾਂ ਭੂਗੋਲਿਕ ਸਥਿਤੀਆਂ ਵਿਚ ਯੁੱਧ ਦਾ ਗੁਰੀਲਾ ਢੰਗ ਅਖਤਿਆਰ ਕੀਤਾ। ਗੁਰੀਲਾ ਯੁੱਧ ਨੂੰ ਪੂਰੀ ਤਰ੍ਹਾਂ ਸਫਲ ਕਰਨ ਵਾਸਤੇ ਸ਼ਿਵਾ ਜੀ ਨੇ ਗਤੀਸ਼ੀਲਤਾ ਦੇ ਪੂਰਾ ਪੂਰਾ ਜ਼ੋਰ ਦਿੱਤਾ ਸੀ। ਸ਼ਿਵਾ ਜੀ ਦੀ ਕਮਾਨ ਹੇਠ ਮਰਹੱਟਿਆਂ ਦੀ ਲੜਾਈ ਕਰਨ ਦੇ ਤੌਰ ਤਰੀਕੇ ਅਤੇ ਲੱਛਣ ਇਸ ਪ੍ਰਕਾਰ ਸਨ:

6.1 ਭੂਮੀ ਦੇ ਅਨੁਕੂਲ: ਮਰਹੱਟਿਆਂ ਦੀ ਭੂਮੀ ਪਹਾੜੀ ਜੰਗਲਾਂ ਅਤੇ ਦਰਿਆਵਾਂ ਨਾਲ ਭਰਪੂਰ ਸੀ। ਪੱਛਮੀ ਪਾਸੇ ਵੱਲ ਪੱਛਮੀ ਘਾਟ ਹੈ। ਜਿਸ ਦੇ ਬਹੁਤ ਜੰਗਲ ਹਨ। ਦੱਖਣ ਵਿਚ ਵੱਡੇ ਵੱਡੇ ਦਰਿਆ ਹਨ। ਧਰਮੀ ਖੁਸ਼ਕ ਤੇ ਬਿਖਰੀ ਹੋਈ ਹੈ। ਇਸ ਲਈ ਇਹ ਭੂਮੀ ਗੁਰੀਲਾ ਲੜਾਈ ਦੇ ਤੌਰ ਤਰੀਕਿਆਂ ਲਈ ਬਹੁਤ ਯੋਗ ਸੀ। ਡੇਵਿਡ ਦੇ ਕਥਨ ਅਨੁਸਾਰ, ''ਸ਼ਿਵਾ ਜੀ ਨੇ ਇਕ ਚੰਗੇ ਅਤੇ ਸੂਝਵਾਨ ਜਰਨੈਲ ਦੀ ਤਰ੍ਹਾਂ ਇਸ ਧਰਤੀ ਦੇ ਢਾਂਚੇ ਤੋਂ ਪੂਰਾ ਲਾਭ ਉਠਾਇਆ।''

6.2 ਗਤੀਸ਼ੀਲਤਾ: ਸ਼ਿਵਾ ਜੀ ਨੇ ਘੋੜ ਸਵਾਰਾਂ ਦੀ ਗਤੀ, ਪੈਂਤੜੇਬਾਜ਼ੀ ਅਤੇ ਯੁੱਧ ਅਭਿਆਸ ਵਿਚ ਨਿਪੁੰਨਤਾ ਉਪਰ ਖਾਸ ਜ਼ੋਰ ਦਿੱਤਾ ਸੀ। ਪੈਂਤੜੇ ਬਾਜ ਘੋੜ ਸਵਾਰਾਂ ਦਾ ਮਤਲਬ ਹਲਕੇ ਹਥਿਆਰਾਂ ਨਾਲ ਲੈਸ ਫੌਜ ਸੀ। ਮਰਹੱਟੇ ਸਿਪਾਹੀਆਂ ਦੀ ਰਹਿਣੀ ਬਹੁਤ ਸਾਦੀ ਸੀ, ਉਨ੍ਹਾਂ ਦੀ ਗਤੀਵਿਧੀ ਖਾਦ ਸਮੱਗਰੀ ਤੇ ਆਧਾਰਿਤ ਨਹੀਂ ਸੀ। ਜਿਸ ਧਰਤੀ ਉੱਤੇ ਉਹ ਲੜਾਈ ਕਰਦੇ ਉਸ ਧਰਤੀ ਤੋਂ ਹੀ ਆਪਣੀਆਂ ਲੋੜਾਂ ਪੂਰੀਆਂ ਕਰਦੇ ਸਨ। ਮਰਹੱਟਾਂ ਫੌਜ ਇਕ ਦਿਨ ਵਿਚ 50 ਮੀਲ ਤੋਂ ਲੈ ਕੇ 100 ਮੀਲ ਤੱਕ ਚਲ ਸਕਦੀ ਸੀ। ਗਤੀਸ਼ੀਲਤਾ ਨੂੰ ਬਣਾਈ ਰੱਖਣ ਲਈ ਸ਼ਿਵਾ ਜੀ ਕੋਲ ਅਰਬੀ ਘੋੜੇ ਕਾਫ਼ੀ ਗਿਣਤੀ ਵਿਚ ਸਨ। ਲੜਾਈ ਦੇ ਦੌਰਾਨ ਦੋ ਸਿਪਾਹੀਆਂ ਲਈ ਤਿੰਨ ਘੋੜੇ ਦਿੱਤੇ ਜਾਂਦੇ ਸਨ ਤਾਂ ਜੋ ਕਿਸੇ ਘੋੜੇ ਦੇ ਮਰਨ ਉਪਰੰਤ ਸਿਪਾਹੀ ਆਪਣਾ ਕੰਮ ਵਾਧੂ ਘੋੜੇ ਤੋਂ ਲੈ ਸਕਣ। ਇਸ ਤੇਜ਼ੀ ਕਾਰਨ ਹੀ ਉਹ ਆਪਣੇ ਦੁਸ਼ਮਣਾਂ ਨੂੰ ਜਲਦੀ ਹਰਾ ਦਿੰਦੇ ਸਨ।

6.3 ਲੜਾਈ ਲੜਨ ਦਾ ਗੁਰੀਲਾ ਢੰਗ: ਮਰਹੱਟੇ ਮਾਰੋ ਤੇ ਦੌੜ ਜਾਉ ਦੀ ਨੀਤੀ ਵਿਚ ਯਕੀਨ ਰੱਖਦੇ ਸਨ। ਉਹ ਵੱਖ ਵੱਖ ਰਸਤਿਆਂ ਰਾਹੀਂ ਜਾਂਦੇ ਸਨ ਅਤੇ ਇਕ ਥਾਂ ਪੁੱਜ ਕੇ ਇਕੱਠੇ ਹਮਲੇ ਕਰਦੇ ਸਨ। ਸਰ ਜਾਦੂ ਨਾਥ ਸਰਕਾਰ ਦੇ ਕਥਨ ਅਨੁਸਾਰ, ''ਮਰਹੱਟਿਆਂ ਦੇ ਤੌਰ ਤਰੀਕੇ ਦੁਸ਼ਮਣ ਨੂੰ ਘੇਰ ਲੈਣਾ ਉਸ ਨੂੰ ਤੰਗ ਕਰਨ ਅਤੇ ਉਸ ਦੇ ਖਾਦ ਸਮੱਗਰੀ ਪਹੁੰਚਣ ਦੇ ਰਸਤੇ ਨੂੰ ਬੰਦ ਕਰਨਾ ਸੀ। ਉਹ ਜੰਮ ਕੇ ਨਹੀਂ ਲੜਦੇ ਸੀ। ਉਹ ਜੰਮ ਕੇ ਲੜਾਈ ਸਿਰਫ ਉਥੇ ਹੀ ਕਰ ਸਕਦੇ ਸਨ ਜਿਥੇ ਉਹਨਾਂ ਨੂੰ ਕਾਮਯਾਬੀ ਦਾ ਪੂਰਾ ਯਕੀਨ ਹੁੰਦਾ ਸੀ। ਇਨ੍ਹਾਂ ਹਮਲਿਆਂ ਵਿਚ ਗਤੀਸ਼ੀਲਤਾ ਉਨ੍ਹਾਂ ਦੀ ਕਾਮਯਾਬੀ ਦਾ ਰਾਜ ਹੁੰਦਾ ਸੀ। ਪਹਾੜੀ ਕਿਲ੍ਹੇ ਜ਼ਰੂਰਤ ਦੇ ਸਮੇਂ ਉਨ੍ਹਾਂ ਦਾ ਬਚਾਉ ਤੇ ਖਾਦ ਸਮੱਗਰੀ ਦੇ ਕੰਮ ਆਉਂਦੇ ਸਨ।'' ਐਲਫਰੈਡ ਡੇਵਿਡ ਨੇ ਉਨ੍ਹਾਂ ਦੇ ਜੰਗ ਦੇ ਤੌਰ ਤਰੀਕੇ ਨੂੰ ਇਨ੍ਹਾਂ ਲਫ਼ਜ਼ਾਂ ਵਿਚ ਦੱਸਿਆ ਹੈ ਕਿ, ''ਸ਼ਿਵਾ ਜੀ ਇਹ ਜਾਣਦੇ ਸਨ ਕਿ ਉਹ ਗਿਣਤੀ ਵਿਚ ਘੱਟ ਤੇ ਹਲਕੇ ਹਥਿਆਰਾਂ ਨਾਲ ਦੁਸ਼ਮਣ ਦਾ ਖੁੱਲ੍ਹੇ ਮੈਦਾਨ ਵਿਚ ਮੁਕਾਬਲਾ ਨਹੀਂ ਕਰ ਸਕਦੇ'' ਇਸ ਲਈ ਉਹ ਮਹੱਤਵਪੂਰਨ ਥਾਵਾਂ ਉੱਤੇ ਅਤੇ ਕਿਸੇ ਵੀ ਸਮੇਂ ਆ ਕੇ ਦੁਸ਼ਮਣ ਤੇ ਹੱਲਾ ਬੋਲ ਦਿੰਦੇ ਸਨ ਅਤੇ ਆਪਣੇ ਆਪ ਨੂੰ ਕਿਲ੍ਹਿਆਂ ਵਿਚ ਸੁਰੱਖਿਅਤ ਬੰਦ ਕਰ ਲੈਂਦੇ ਸਨ।''

ਅਸੀਂ ਇੰਝ ਕਹਿ ਸਕਦੇ ਹਾਂ ਕਿ ਸ਼ਿਵਾ ਜੀ ਦੀ ਲੜਾਈ ਦਾ ਢੰਗ ਉਨ੍ਹਾਂ ਦੀਆਂ ਗਤੀਵਿਧੀਆਂ, ਤੇਜ਼ੀ ਤੇ ਅਚਨਚੇਤ ਹਮਲਿਆਂ ਤੇ ਆਧਾਰਿਤ ਸੀ।

6.4 ਖੁਫੀਆ ਪ੍ਰਣਾਲੀ: ਮਰਹੱਟਿਆ ਦੀ ਖੁਫੀਆ ਪ੍ਰਣਾਲੀ ਇੰਨੀ ਯੋਗ ਸੀ ਕਿ ਸ਼ਿਵਾ ਜੀ ਜੀ ਦੁਸ਼ਮਣ ਦੀ ਗਤੀ ਵਿਧੀ ਨੂੰ ਮੁੱਖ ਰੱਖ ਕੇ ਹਮਲਾ ਕਰਦਾ ਸੀ। ਉਹ ਸਾਰੇ ਗੁਪਤ ਤੇ ਮੁਸ਼ਕਲ ਰਸਤਿਆਂ ਤੇ ਥਾਵਾਂ ਬਾਰੇ ਪੂਰੀ ਤਰ੍ਹਾਂ ਜਾਣਦੇ ਸੀ। ਜਿਸ ਕਰਕੇ ਉਹੀ ਆਪਣੀ ਫੌਜ ਦੀ ਗਤੀਵਿਧੀ ਨੂੰ ਕਾਇਮ ਰੱਖਦੇ ਸਨ ਅਤੇ ਲੜਾਈ ਦੇ ਗੁਰੀਲਾ ਢੰਗ ਦਾ ਪੂਰਾ ਪੂਰਾ ਪ੍ਰਯੋਗ ਕਰਦੇ ਸਨ।

ਸਾਰ:- ਸ਼ਿਵਾ ਜੀ ਜਿਨਾ ਚਿਰ ਜਿੰਦਾ ਰਹੇ, ਮਰਹੱਟਾਂ ਫੌਜ ਨੂੰ ਸਿਖਰਾਂ ਤੇ ਲੈ ਗਏ ਜਿਸ ਨੇ ਮੁਗਲ ਰਾਜ ਦੀ ਫੌਜੀ ਤਾਕਤ ਦਾ ਸਾਰਾ ਰਸ ਨਿਚੋੜ ਕੇ ਮੁਗਲ ਦੇ ਰਾਜਾਂ ਨੂੰ ਖੋਖਲਾ ਬਣਾ ਦਿੱਤਾ। ਸ਼ਿਵਾ ਜੀ ਤੋਂ ਬਾਅਦ ਮਰਹੱਟਾ ਫੌਜ ਨੇ ਸਾਦਗੀ ਛੱਡ ਦਿੱਤੀ ਅਤੇ ਉਹਨਾਂ ਦੀ ਗਤੀ ਕੈਂਪ ਦੇ ਸਮਾਨ ਕਾਰਨ ਘਟ ਗਈ। ਉਹਨਾਂ ਦੇ ਕੈਂਪ ਵਿਚ ਨੌਕਰ ਚਾਕਰਾਂ ਦੀ, ਔਰਤਾਂ ਦੀ, ਨੱਚਣ ਵਾਲੀਆਂ ਕੁੜੀਆਂ ਦੀ ਗਿਣਤੀ ਵੱਧ ਗਈ। ਜਿਸ ਕਰਕੇ ਫੌਜ ਵਿਚ ਅਨੁਸ਼ਾਸਨਹੀਨਤਾ ਆ ਗਈ, ਜਿਹੜੀ ਬਾਅਦ ਵਿਚ ਉਹਨਾਂ ਦੇ ਪਤਨ ਦਾ ਕਾਰਨ ਬਣੀ।

ਹੋਰ ਪੜ੍ਹਨ ਲਈ ਪੁਸਤਕਾਂ:

1. J.N. Sarkar : Military History of India (also avialable in Punjabi)
2. J.N. Sarkar : Shivaji and His times
3. ਕੁਲਦੀਪ ਸਿੰਘ ਗਿੱਲ : ਯੁੱਧ ਨੀਤੀ ਪੱਖੋਂ ਭਾਰਤ ਦੇ ਪ੍ਰਮੁੱਖ ਯੁੱਧ
4. T.G. Subramaniam : Famous Battles of Indian History

ਅਭਿਆਸ ਲਈ ਪ੍ਰਸ਼ਨ:-

1. ਪਾਗਾ ਕੌਣ ਸਨ ?
2. ਸ਼ਿਵਾ ਜੀ ਦੇ ਲੜਨ ਦੇ ਢੰਗਾਂ ਬਾਰੇ ਸੰਖੇਪ ਵਿਚ ਲਿਖੋ।
3. ਗੁਰੀਲਾ ਜੰਗ ਕੀ ਹੈ।
4. ਤਾਲੀਕੋਟਾ ਦੀ ਲੜਾਈ ਦਾ ਮੁੱਢ ਅਤੇ ਕੀ ਕਾਰਣ ਸਨ। ਇਸ ਲੜਾਈ ਤੋਂ ਪਹਿਲਾਂ ਵਿਜੈ ਨਗਰ ਰਾਜ ਦੇ ਭਾਰਤ ਦੇ ਹੋਰ ਰਾਜਾ ਨਾਲ ਕਿਸ ਤਰ੍ਹਾਂ ਦੇ ਸਬੰਧ ਸਨ।
5. ਤਾਲੀਕੋਟਾ ਦੀ ਲੜਾਈ ਨੂੰ ਸੰਖੇਪ ਵਿਚ ਬਿਆਨ ਕਰਦੇ ਹੋਏ ਦੋਵਾਂ ਧਿਰਾਂ ਵੱਲੋਂ ਵਰਤੇ ਗਏ ਯੁੱਧ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ ਕਰੋ।
6. ਜਿਸ ਵਕਤ ਸ਼ਿਵਾ ਜੀ ਦਾ ਜਨਮ ਹੋਇਆ ਉਸ ਵਕਤ ਭਾਰਤ ਵਿਚ ਮਰਹੱਟਿਆਂ ਦੀ ਕੀ ਸਥਿਤੀ ਸੀ ਅਤੇ ਸ਼ਿਵਾ ਜੀ ਦੀਆਂ ਜਿੱਤਾਂ ਬਾਰੇ ਲਿਖੋ।
7. ਸ਼ਿਵਾ ਜੀ ਦੇ ਫੌਜੀ ਪ੍ਰਬੰਧਾਂ ਅਤੇ ਲੜਨ ਦੇ ਤਰੀਕੇ ਬਾਰੇ ਵਿਸਥਾਰ ਨਾਲ ਲਿਖੋ।

ਪਾਠ ਨੰ: 2.3

ਮਹਾਰਾਜਾ ਰਣਜੀਤ ਸਿੰਘ ਦਾ ਸੈਨਿਕ ਪ੍ਰਬੰਧ
(Military Organisation of Maharaja Ranjit Singh)

ਪਾਠ ਦੀ ਰੂਪ-ਰੇਖਾ

1. ਮਹਾਰਾਜਾ ਰਣਜੀਤ ਸਿੰਘ ਬਾਰੇ ਜਾਣ-ਪਛਾਣ
2. ਮਹਾਰਾਜਾ ਰਣਜੀਤ ਸਿੰਘ ਇੱਕ ਜਰਨੈਲ ਦੇ ਤੌਰ ਤੇ
3. ਮਹਾਰਾਜਾ ਰਣਜੀਤ ਸਿੰਘ ਦਾ ਫੌਜੀ ਸੰਗਠਨ
4. ਲੜਾਈ ਵਿਚ ਵਰਤੇ ਜਾਣ ਵਾਲੇ ਦਾਅ-ਪੇਚ

ਭੂਮਿਕਾ:

ਪਿਛਲੇ ਪਾਠ ਵਿੱਚ ਅਸੀਂ ਸ਼ਿਵਾ ਜੀ ਦੇ ਸੈਨਿਕ ਸੰਗਠਨ ਬਾਰੇ ਜਾਣਕਾਰੀ ਹਾਸਿਲ ਕੀਤੀ ਸੀ। ਹੁਣ ਅਸੀਂ ਉੱਤਰੀ ਭਾਰਤ ਦੇ ਇਕ ਮਹਾਨ ਜਰਨੈਲ ਮਹਾਰਾਜਾ ਰਣਜੀਤ ਸਿੰਘ ਦੇ ਸੈਨਿਕ ਸੰਗਠਨ ਅਤੇ ਉਸਦੇ ਲੜਨ ਦੇ ਤਰੀਕਿਆਂ ਬਾਰੇ ਜਾਣਕਾਰੀ ਹਾਸਿਲ ਕਰਾਂਗੇ।

ਮਹਾਰਾਜਾ ਰਣਜੀਤ ਸਿੰਘ ਉਹ ਬਹਾਦਰ ਯੋਧਾ ਸੀ ਜਿਸ ਨੇ ਭਾਰਤ ਦੇ ਉਸ ਦਰਵਾਜੇ ਤੇ ਆਪਣਾ ਰਾਜ ਕਾਇਮ ਕੀਤੇ ਜਿਥੋਂ ਦੀ ਪ੍ਰਚੀਨ ਸਮਿਆਂ ਤੋਂ ਹਮਲਾਵਰ ਭਾਰਤ ਵਿਚ ਦਾਖਲ ਹੁੰਦੇ ਸਨ,ਜਿਥੇ ਆਪਣੀ ਹਕੂਮਤ ਕਾਇਮ ਕਰਦੇ ਸਨ ਜਾਂ ਲੁੱਟਮਾਰ ਕਰਦੇ ਸਨ ਤੇ ਵਾਪਸ ਚਲੇ ਜਾਂਦੇ ਸਨ। ਰਣਜੀਤ ਸਿੰਘ ਨੇ ਇਨ੍ਹਾਂ ਦਾ ਦਾਖਲਾ ਇਥੋਂ ਰੋਕ ਦਿੱਤਾ। ਇਹ ਰਣਜੀਤ ਸਿੰਘ ਦੀਆਂ ਫੌਜਾਂ ਸਨ, ਜਿਨ੍ਹਾਂ ਨੇ ਪਹਿਲੀ ਵਾਰੀ ਦਰਾ ਖੈਬਰ ਪਾਰ ਕਰਕੇ ਆਪਣੀ ਹਕੂਮਤ ਦਾ ਵਿਸਥਾਰ ਇਸ ਮਜ਼ਬੂਤੀ ਨਾਲ ਕੀਤਾ ਸੀ ਕਿ ਸਾਰੇ ਕਿਸਮ ਦੇ ਵਿਦੇਸ਼ੀਆਂ ਲਈ ਇਥੋਂ ਦਾਖਲ ਹੋਣਾ ਅਸੰਭਵ ਹੋ ਗਿਆ ਸੀ।

1. ਮਹਾਰਾਜਾ ਰਣਜੀਤ ਸਿੰਘ ਬਾਰੇ ਜਾਣ-ਪਛਾਣ:-

ਰਣਜੀਤ ਸਿੰਘ ਨੂੰ ਆਪਣੇ ਬਜ਼ੁਰਗਾਂ ਤੋਂ ਬੜਾ ਅਮੀਰ ਵਿਰਸਾ ਮਿਲਿਆ ਸੀ ਅਤੇ ਅਠਾਰਵ੍ਹੀਂ ਸਦੀ ਦੇ ਮਿਸਲਾਂ ਦੇ ਸਰਦਾਰਾਂ ਦੀਆਂ ਸਮਾਜਿਕ ਰੀਤਾਂ ਤੋਂ ਉਸ ਨੇ ਬਹੁਤ ਕੁਝ ਸਿੱਖਿਆ ਸੀ। ਰਣਜੀਤ ਸਿੰਘ ਦੇ ਦਾਦੇ ਦਾ ਨਾਂ ਚੜ੍ਹਤ ਸਿੰਘ ਸੀ। ਚੜ੍ਹਤ ਸਿੰਘ ਸ਼ੁਰੂ-ਸ਼ੁਰੂ ਵਿਚ ਭੰਗੀ ਦਲ ਵਿਚ ਸ਼ਾਮਲ ਸੀ। ਪਰ ਇਸ ਦੇ ਛੇਤੀ ਪਿਛੋਂ ਉਸ ਦੇ ਅੰਦਰ ਵੀ ਆਪਣੀ ਮਿਸਲ ਸਥਾਪਿਤ ਕਰਨ ਦੀ ਇੱਛਾ ਪ੍ਰਬਲ ਹੋ ਗਈ। ਉਹ ਭੰਗੀਆਂ ਨਾਲੋਂ ਵੱਖ ਹੋ ਗਿਆ ਅਤੇ ਉਸ ਨੇ ਆਪਣਾ ਦਲ ਕਾਇਮ ਕਰਕੇ ਆਪਣੀ ਖੁਦ ਹੈਸੀਅਤ ਕਾਇਮ ਕੀਤੀ।ਛੇਤੀ ਹੀ ਉਸ ਨੇ 100 ਕੁ ਆਦਮੀ ਇਕੱਠੇ ਕਰ ਲਏ। ਪਰ ਥੋੜ੍ਹੇ ਸਮੇਂ ਪਿਛੋਂ ਹੀ ਉਸ ਦੇ ਸੈਨਿਕਾਂ ਦੀ ਗਿਣਤੀ 400 ਹੋ ਗਈ। ਭਾਵੇਂ ਉਹ ਉਮਰ ਵਿਚ ਹਾਲੇ ਛੋਟਾ ਹੀ ਸੀ ਪਰ ਉਹ ਬੜਾ ਸੂਝਵਾਨ ਅਤੇ ਤੁਰੰਤ ਨਿਰਣੇ ਕਰ ਸਕਣ ਦਾ ਯੋਗਤਾ ਦਾ ਮਾਲਕ ਸੀ। ਉਹ ਬੜਾ ਵਸੀਲਕਾਰ ਅਤੇ ਸਿੱਖਾਂ ਵਿਚ ਅਸਰ ਰਸੂਖ ਰੱਖਣ ਵਾਲਾ ਵਿਅਕਤੀ ਸੀ। ਚੜ੍ਹਤ ਸਿੰਘ ਆਪਣੇ ਦਲ ਵਿਚ ਕੇਵਲ ਅੰਮ੍ਰਿਤਧਾਰੀ ਸਿੱਖਾਂ ਨੂੰ ਹੀ ਭਰਤੀ ਕਰਦਾ ਸੀ। ਜਿਨਾਂ ਨੇ ਪਹਿਲਾ ਅੰਮ੍ਰਿਤ ਨਹੀਂ ਛਕਿਆ ਹੁੰਦਾ, ਉਹ ਉਨ੍ਹਾਂ ਨੂੰ ਭਰਤੀ ਕਰਨ ਤੋਂ ਪਹਿਲਾਂ ਆਪਣੇ ਹੱਥੀ ਅੰਮ੍ਰਿਤ ਛਕਾਉਂਦਾ ਸੀ। ਉਸ ਨੇ ਗੁੱਜਰਾਂਵਾਲਾ ਨੂੰ ਆਪਣਾ ਹੈੱਡ ਕੁਆਟਰ ਬਣਾਇਆ। ਉਸ ਨੇ ਗੁਜਰਾਂਵਾਲੇ ਦੇ ਤਾਅੱਲਕੇ ਅਤੇ ਅਕਾਲਗੜ੍ਹ ਦੇ ਇਰਦ ਗਿਰਦ ਬਹੁਤ ਸਾਰੇ ਪਿੰਡਾਂ ਨੂੰ ਆਪਣੇ ਅਧਿਕਾਰ ਖੇਤਰ ਵਿਚ ਲਿਆਂਦਾ। ਉਸ ਨੇ ਆਪਣੇ ਪਿੰਡ ਸ਼ੁਕਰਚੱਕ ਦੇ ਨਾਂ ਤੇ ਹੀ ਆਪਣੀ ਮਿਸਲ ਦਾ ਨਾਂ ਰੱਖਿਆ।

ਐਮਨਾਬਾਦ ਦਾ ਮੁਸਲਮਾਨ ਗਵਰਨਰ ਹਿੰਦੂ ਅਤੇ ਸਿੱਖ ਵਸੋਂ ਨੂੰ ਬੜਾ ਤੰਗ ਕਰਦਾ ਸੀ। ਚੜ੍ਹਤ ਸਿੰਘ ਨੇ ਆਪਣੇ ਨੌਜਵਾਨ ਸਾਥੀਆਂ ਨੂੰ ਨਾਲ ਲੈ ਕੇ ਐਮਨਾਬਾਦ ਨੂੰ ਘੇਰਾ ਪਾ ਲਿਆ। ਉਥੋਂ ਬਹੁਤ ਸਾਰਾ ਨਕਦ ਧੰਨ, ਰਾਇਫਲ ਅਤੇ ਹੋਰ ਜੰਗੀ ਸਾਮਾਨ ਅਤੇ ਸੈਂਕੜੇ ਘੋੜੇ ਉਸਦੇ ਹੱਥ ਲੱਗੇ। ਇਸ ਜਿੱਤ ਤੋਂ ਉਤਸ਼ਾਹਿਤ ਹੋ ਕੇ ਚੜ੍ਹਤ ਸਿੰਘ ਨੇ ਵਡੇਰੀਆਂ ਸੈਨਿਕ ਕਾਰਵਾਈਆਂ ਦੀਆਂ ਸਕੀਮਾਂ ਬਣਾਈਆਂ। ਚੜ੍ਹਤ ਸਿੰਘ ਦੀਆਂ ਐਮਨਾਬਾਦ ਵਿਰੁੱਧ ਕਾਰਵਾਈਆਂ ਤੋਂ ਗੁੱਸੇ ਵਿੱਚ ਆ ਕੇ ਲਾਹੌਰ ਦੇ ਗਵਰਨਰ ਊਬੈਦ ਖਾਂ ਨੇ ਉਸ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਚੜ੍ਹਤ ਸਿੰਘ ਨੇ ਗੁਜਰਾਂਵਾਲਾ ਵਿਚ ਬੜੇ ਆਪਣੇ ਨਵੇਂ ਕਿਲ੍ਹੇ ਵਿਚ ਸ਼ਰਨ ਲਈ ਜਿਸ ਨੂੰ ਲਾਹੌਰ ਦੀਆਂ ਫੌਜਾਂ ਨੇ ਘੇਰਾ ਪਾ ਲਿਆ। ਉਬੈਦ ਖਾਂ ਗੁਜਰਾਂਵਾਲਾ ਦਾ ਘੇਰਾ ਛੱਡ ਕੇ ਲਾਹੌਰ ਨੂੰ ਵਾਪਸ ਚਲੇ ਜਾਣ ਲਈ ਮਜ਼ਬੂਰ ਹੋ ਗਿਆ। ਚੜ੍ਹਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਉਬੈਦ ਖਾਂ ਦੀ ਵਾਪਸ ਜਾ ਰਹੀ ਫੌਜ ਉਪਰ ਧਾਵਾ

ਬੋਲ ਦਿੱਤਾ। ਲਾਹੌਰ ਦੀ ਸੈਨਾ ਦਾ ਬਹੁਤ ਸਾਰਾ ਜੰਗੀ ਸਾਮਾਨ, ਊਠ ਅਤੇ ਘੋੜੇ ਚੜ੍ਹਤ ਸਿੰਘ ਦੇ ਹੱਥ ਲੱਗੇ।

ਚੜ੍ਹਤ ਸਿੰਘ ਨੇ ਗੁਜਰਾਂਵਾਲਾ ਦੇ ਕਿਲ੍ਹੇ ਨੂੰ ਮਜ਼ਬੂਤ ਕੀਤਾ ਤੇ ਉਸ ਦੀ ਮਿਸਲ ਦਿਨੋ ਦਿਨ ਤੱਕੜੀ ਹੋਣ ਲੱਗ ਪਈ ਸ਼ੁਰੂ ਤੋਂ ਹੀ ਉਹ ਆਪਣੇ ਇਕ ਖੁਦਮੁਖਤਾਰ ਰਾਜ ਦੇ ਸੁਪਨੇ ਲੈਂਦਾ ਰਿਹਾ ਸੀ ਜੋ ਹੁਣ ਹੌਲੀ-ਹੌਲੀ ਸਾਕਾਰ ਹੋ ਰਹੇ ਸਨ। ਉਸ ਨੇ ਵਜ਼ੀਰਾਬਾਦ ਦੇ ਮੁਸਲਮਾਨ ਹਾਕਮ ਨੂੰ ਉਥੋਂ ਬਾਹਰ ਕੱਢ ਦਿੱਤਾ ਅਤੇ ਆਪਣੇ ਸਾਲੇ ਗੁਰਬਖਸ਼ ਸਿੰਘ ਨੂੰ ਉਥੋਂ ਦਾ ਪ੍ਰਬੰਧਕ ਸਥਾਪਿਤ ਕੀਤਾ। ਪੰਦਰ੍ਹਾਂ ਸਾਲ ਦੇ ਥੋੜ੍ਹੇ ਸਮੇਂ ਵਿਚ ਚੜ੍ਹਤ ਸਿੰਘ ਗੁਜਰਾਂਵਾਲਾ, ਵਜ਼ੀਰਾਬਾਦ, ਰਾਮ ਨਗਰ, ਸਿਆਲਕੋਟ, ਹੁਰਤਾਸ ਪਿੰਡ ਦਾਦਨ ਖਾਂ ਅਤੇ ਧਨੀ ਅਤੇ ਪੋਠੋਹਾਰ ਦੇ ਇਲਾਕੇ ਜਿਨ੍ਹਾਂ ਤੋਂ ਉਸ ਨੂੰ ਕਾਫੀ ਮਾਲੀਆ ਪ੍ਰਾਪਤ ਹੁੰਦਾ ਸੀ, ਆਪਣੀ ਮਿਸਲ ਦੇ ਭਾਗ ਬਣਾ ਲਏ। 1770 ਈ. ਵਿਚ ਜਦੋਂ ਝੰਡਾ ਸਿੰਘ ਭੰਗੀ ਅਤੇ ਚੜ੍ਹਤ ਸਿੰਘ ਇਕ ਦੂਸਰੇ ਵਿਰੁੱਧ ਲੜੇ ਤਾਂ ਚੜ੍ਹਤ ਸਿੰਘ ਆਪਣੀ ਹੀ ਰਾਈਫਲ ਦੇ ਫਟ ਜਾਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ ਤੇ ਤੁਰੰਤ ਬਾਅਦ ਉਸ ਦੀ ਮੌਤ ਹੋ ਗਈ। ਚੜ੍ਹਤ ਸਿੰਘ ਦੀ ਮੌਤ ਸਮੇਂ ਉਸ ਦੇ ਉਤਰਾਧਿਕਾਰੀ ਮਹਾਂ ਸਿੰਘ ਦੀ ਉਮਰ ਕੇਵਲ 10 ਸਾਲ ਦੀ ਸੀ। ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦਾ ਜਨਮ 1760 ਈ. ਵਿਚ ਹੋਇਆ ਸੀ। ਉਸ ਨੂੰ ਭਾਵੇਂ ਆਪਣੇ ਪਿਤਾ ਤੋਂ ਵਿਰਸੇ ਵਿਚ ਇਕ ਛੋਟਾ ਜਿਹਾ ਰਾਜ ਮਿਲਿਆ ਸੀ ਪਰ ਉਸ ਰਾਜ ਵਿੱਚ ਇਕ ਖੁਦਮੁਖਤਾਰ ਰਾਜ ਦੇ ਸਭ ਲੱਛਣ ਹਾਜ਼ਰ ਸਨ। ਜਿਉਂ ਹੀ ਮਹਾਂ ਸਿੰਘ ਨੇ ਆਪਣੇ ਅੰਦਰ ਹਮਲਾ ਕਰਨ ਦੀ ਸ਼ਕਤੀ ਅਨੁਭਵ ਕੀਤੀ ਤਾਂ ਉਸਨੇ ਨੂਰ-ਉ-ਦੀਨ ਬਾਮੇਜਈ ਪਾਸੋ, ਰੁਹਤਾਸ ਦਾ ਕਿਲ੍ਹਾ ਖੋਹ ਲਿਆ ਅਤੇ ਸਿਆਲਕੋਟ ਲਾਗੇ ਕੋਟਲੀ ਆਹ ਨਗਰਾਂ ਤੇ ਵੀ ਕਬਜ਼ਾ ਕਰ ਲਿਆ। ਕੋਟਲ ਦੇ ਕਾਰੀਗਰ ਰਾਈਫਲਾਂ ਬਣਾਉਣ ਦੇ ਬੜੇ ਮਾਹਿਰ ਸਨ। ਮਹਾਂ ਸਿੰਘ ਨੇ ਉਨ੍ਹਾਂ ਪਾਸੋਂ ਬਹੁਤ ਸਾਰੀਆਂ ਰਾਈਫਲਾਂ ਬਣਵਾਈਆਂ ਅਤੇ ਆਪਣੇ ਸੈਨਿਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ। ਇਸ ਤੋਂ ਪਿਛੋਂ ਉਸ ਨੇ ਚੱਠਿਆਂ ਦੇ ਹਾਕਮ ਪੀਰ ਮੁਹੰਮਦ ਵਿਰੁੱਧ ਸੈਨਿਕ ਕਾਰਵਾਈ ਕੀਤੀ।

ਜੈ ਸਿੰਘ ਘਨੱਈਆ ਦੀ ਮਦਦ ਨਾਲ ਮਹਾਂ ਸਿੰਘ ਨੇ 6000 ਸੈਨਿਕਾ ਲੈ ਕੇ 1779 ਈ. ਵਿਚ ਰਸੂਲ ਨਗਰ ਦਾ ਘੇਰਾ ਪਾ ਲਿਆ। ਪੀਰ ਮੁਹੰਮਦ ਨੇ ਅਧੀਨਗੀ ਪ੍ਰਵਾਨਕਰ ਲਈ। ਰਸੂਲ ਗਰ ਦਾ ਨਾ ਬਦਲ ਕੇ ਰਾਮ ਨਗਰ ਰੱਖ ਦਿੱਤਾ ਗਿਆ। ਰਸੂਲਪੁਰ ਤੋਂ ਮੁੜਨ ਸਮੇਂ ਮਹਾਂ ਸਿੰਘ ਨੂੰ ਖਬਰ ਮਿਲੀ ਕਿ 13 ਨਵੰਬਰ, 1780 ਈ. (ਕੁਝ ਇਤਿਹਾਸਕਾਰਾਂ ਮੁਤਾਬਕ ਜਨਮ ਤਰੀਕ 2 ਨਵੰਬਰ ਹੈ) ਨੂੰ ਗੁਜਰਾਂਵਾਲੇ ਵਿਚ ਉਸ ਦੇ ਘਰ ਪੁੱਤਰ ਦੇ ਜਨਮ ਲਿਆ ਹੈ। ਪਹਿਲਾਂ ਉਸ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ ਪਰ ਪਿਛੋਂ ਰਣਜੀਤ ਸਿੰਘ ਰੱਖ ਦਿੱਤਾ ਗਿਆ। ਮਹਾਂ ਸਿੰਘ ਕਿਸੇ ਮੁਹਿੰਮ ਦੌਰਾਨ ਬਿਮਾਰ ਹੋ ਗਿਆ। ਉਹ ਮੁਹਿੰਮ ਦੀ ਕਮਾਨ ਆਪਣੇ ਦਸ ਸਾਲਾ ਪੁੱਤਰ ਰਣਜੀਤ ਸਿੰਘ ਦੇ ਸਪੁਰਦ ਕਰਦੇ ਵਾਪਸ ਗੁਜਰਾਂਵਾਲਾ ਆ ਗਿਆ। 15 ਅਪ੍ਰੈਲ, 1790 ਈ. ਨੂੰ ਮਹਾਂ ਸਿੰਘ ਦੀ ਮੌਤ ਹੋ ਗਈ ਮਹਾਂ ਸਿੰਘ ਨੇ ਆਪਣੇ ਪਿਛੇ ਇਕ ਅਜਿਹਾ ਉੱਤਰਾਧਿਕਾਰੀ ਛੱਡਿਆ ਜਿਸ ਦਾ ਰਸਤਾ ਖਤਰਿਆਂ ਨਾਲ ਭਰਿਆ ਹੋਇਆ ਸੀ। ਪਰ ਉਸ ਉੱਤਰਾਧਿਕਾਰੀ ਵਿਚ ਅਜਿਹੇ ਗੁਣ ਸਨ ਜਿਨ੍ਹਾਂ ਸਦਕਾ ਉਹ ਆਪਣੇ ਰਸਤੇ ਦੇ ਸਭ ਖਤਰਿਆਂ ਨੂੰ ਹਟਾ ਦੇਣ ਦੇ ਯੋਗ ਸੀ। ਰਣਜੀਤ ਸਿੰਘ ਸਾਹਮਣੇ ਗੰਭੀਰ ਖਤਰਿਆਂ ਦੇ ਹੁੰਦਿਆਂ ਹੋਇਆਂ 19 ਸਾਲ ਦੀ ਉਮਰ ਵਿਚ ਵਿਦੇਸ਼ੀ ਹਮਲਾਵਰ ਜਮਾਨ ਸ਼ਾਹ ਨੂੰ ਕਈ ਵਾਰ ਵੰਗਾਰਿਆਂ ਸੀ ਅਤੇ ਫਿਰ ਲਾਹੌਰ ਤੇ ਕਬਜ਼ਾ ਕਰ ਲਿਆ ਸੀ। ਉਸ ਦੇ ਰਾਜ ਨੇ ਪੰਜਾਬ ਦੇ ਇਤਿਹਾਸ ਨੂੰ ਸੁਤੰਤਰਤਾ, ਗੌਰਵ, ਸ਼ਾਨੋ-ਸ਼ੌਕਤ, ਸੁਰੱਖਿਆ ਅਤੇ ਸਥਿਰਤਾ ਦਾ ਯੁੱਗ ਪ੍ਰਦਾਨ ਕੀਤਾ। ਰਣਜੀਤ ਸਿੰਘ ਨੂੰ ਆਪਣੇ ਬਜ਼ੁਰਗਾਂ ਤੋਂ ਬੜਾ ਅਮੀਰ ਵਿਰਸਾ ਮਿਲਿਆ ਸੀ ਅਤੇ ਅਠਾਰ੍ਹਵੀਂ ਸਦੀ ਦੇ ਮਿਸਲਾਂ ਦੇ ਸਰਦਾਰਾਂ ਦੀਆਂ ਸਮਾਜਿਕ ਅਤੇ ਰਾਜਸੀ ਰਸਮਾਂ ਰੀਤਾਂ ਤੋਂ ਵੀ ਉਸ ਨੇ ਬਹੁਤ ਕੁਝ ਸਿਖਿਆ ਸੀ। ਚੜ੍ਹਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਬਾਨੀ ਸੀ ਅਤੇ ਰਣਜੀਤ ਸਿੰਘ ਆਪਣੀ ਮਿਸਲ ਦਾ ਤੀਜੀ ਪੀੜ੍ਹੀ ਦਾ ਹਾਕਮ ਸੀ। ਚੜ੍ਹਤ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਮਹਾਂ ਸਿੰਘ ਬਿਨਾਂ ਕਿਸੇ ਰੋਕ-ਟੋਕ ਦੇ ਆਪਣੇ ਪਿਤਾ ਦਾ ਉੱਤਰਧਿਕਾਰੀ ਬਣ ਗਿਆ ਸੀ। ਮਹਾਂ ਸਿੰਘ ਦੀ ਮੌਤ ਤੋਂ ਬਾਅਦ ਦੂਜੀਆਂ ਮਿਸਲਾਂ ਦੇ ਸਰਦਾਰ ਜਿਵੇਂ ਜੈ ਸਿੰਘ ਘਨੱਈਆ ਅਤੇ ਲਹਿਣਾ ਸਿੰਘ ਭੰਗੀ ਮਹਾਂ ਸਿੰਘ ਦੀ ਮੌਤ ਦਾ ਅਫਸੋਸ ਕਰਨ ਲਈ ਅਤੇ ਰਣਜੀਤ ਸਿੰਘ ਦੇ ਸ਼ੁਕਰਚੱਕੀਆਂ ਮਿਸਲ ਦਾ ਉੱਤਰਾਧਿਕਾਰੀ ਬਣਨ ਤੇ ਵਧਾਈ ਦੇਣ ਲਈ ਗੁਜਰਾਂਵਾਲੇ ਗਏ ਸਨ। ਇਸ ਤਰ੍ਹਾਂ ਰਣਜੀਤ ਆਪਣੇ ਜੱਦੀ ਹੱਕ ਦੇ ਬਲਬੂਤੇ ਤੇ ਬਿਨਾਂ ਕਿਸੇ ਕਿਸਮ ਦੀ ਔਕੜ ਦੇ ਸ਼ੁਕਰਚੱਕੀਆਂ ਮਿਸਲ ਦਾ ਹੁਕਮਰਾਨ ਬਣ ਗਿਆ ਸੀ। ਰਣਜੀਤ ਸਿੰਘ ਨੂੰ ਰਸਮੀ ਤੌਰ ਤੇ '-ਸਰਕਾਰ-ਏ-ਵਾਲਾ' ਦਾ ਖਿਤਾਬ ਮਿਲਣ ਤੇ ਉਸ ਦੀ ਸਥਿਤੀ ਵਿਚ ਕੋਈ ਬਹੁਤਾ ਫਰਕ ਨਹੀਂ ਪਿਆ। ਇਸ ਖਿਤਾਬ ਨਾਲ ਉਸ ਨੂੰ ਮਿਸਲਾਂ ਦੇ ਸਰਦਾਰਾਂ ਉਪਰ ਤਾਂ ਇਕ ਕਿਸਮ ਦੀ ਪ੍ਰਮੁੱਖਤਾ ਪ੍ਰਾਪਤ ਹੋ ਗਈ ਪਰ ਉਸ ਦੀ ਆਪਣੀ ਮਿਸਲ ਉਪਰ ਹੱਕ ਇਸ ਖਿਤਾਬ ਸਦਕੇ ਕੋਈ ਵਧੇਰੇ ਤਕੜਾ ਨਹੀਂ ਸੀ ਹੋਇਆ ਕਿਉਂਕਿ ਉਹ ਪਹਿਲਾਂ ਹੀ ਆਪਣੀ ਮਿਸਲ ਦਾ ਪੂਰਨ ਰੂਪ ਵਿਚ ਹਾਕਮ ਬਣ ਚੁੱਕਾ ਸੀ। ਰਣਜੀਤ ਸਿੰਘ ਦੇ ਵਿਰਸੇ ਵਿਚ ਆਪਣੇ ਆਰਥਿਕ ਸਾਧਨਾਂ ਅਤੇ ਸੈਨਿਕ ਸਾਜ਼ੋ-ਸਾਮਾਨ ਸਮੇਤ ਨਾ ਕੇਵਲ ਸ਼ੁਕਰਚੱਕੀਆਂ ਰਾਜ ਹੀ ਸ਼ਾਮਲ ਸੀ, ਸਗੋਂ ਦੂਜੇ ਸਿੰਘ ਸਰਦਾਰਾਂ ਦੇ ਰਾਜਾਂ ਵਿਚ ਪ੍ਰਚਲਿਤ ਬਹੁਤ ਸਾਰੀਆਂ ਪ੍ਰਬੰਧਕੀ ਅਤੇ ਰਾਜਸੀ ਰਸਮਾਂ ਰੀਤਾਂ ਨੂੰ ਵੀ ਉਸ ਨੇ ਗ੍ਰਹਿਣ ਕੀਤਾ।

ਬਚਪਨ ਤੋਂ ਹੀ ਰਣਜੀਤ ਸਿੰਘ ਨੇ ਬਹਾਦਰੀ ਅਤੇ ਨਿਡਰਤਾ ਦਾ ਪ੍ਰਗਟਾਵਾ ਕੀਤਾ ਸੀ। ਛੇ ਸਾਲਾਂ ਦੀ ਛੋਟੀ ਉਮਰ ਵਿਚ

ਹੀ ਬਾਕੀ ਸਾਥੀਆਂ ਨਾਲ ਦਰਿਆ ਚਨਾਬ ਵਿਚ ਤਰਨ ਲਈ ਜਾਂਦਾ ਸੀ। ਛੋਟੀ ਉਮਰ ਵਿਚ ਉਸ ਨੂੰ ਗੁਜਰਾਂਵਾਲਾ ਵਿਚ ਗੁਰਮੁਖੀ ਸਿਖਣ ਲਈ ਭਾਗੂ ਸਿੰਘ ਦੀ ਧਰਮਸ਼ਾਲਾ ਵਿਚ ਭੇਜਿਆ ਗਿਆ ਸੀ। ਪਰ ਉਸ ਨੇ ਬਹੁਤਾ ਨਹੀਂ ਸਿਖਿਆ। ਪਿਛੋਂ ਉਸ ਨੇ ਅਮੀਰ ਸਿੰਘ ਨਾਮੀ ਇਕ ਬ੍ਰਾਹਮਣ ਤੋਂ ਨਿਸ਼ਾਨੇਬਾਜੀ ਦਾ ਹੁਨਰ ਸਿੱਖਿਆ। ਆਪਣੇ ਮੁਢਲੇ ਜੀਵਨ ਵਿਚ ਰਣਜੀਤ ਸਿੰਘ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। ਪਿਤਾ ਦੀ ਮੌਤ ਸਮੇਂ ਉਸ ਦੀ ਉਮਰ 10 ਸਾਲ ਦੀ ਸੀ। ਛੋਟੀ ਉਮਰ ਵਿਚ ਉਹ ਰਾਜ ਦਾ ਕੰਮ ਕਾਰਜ ਨਹੀਂ ਸੀ ਸੰਭਾਲ ਸਕਦਾ। ਸ੍. ਦਲ ਸਿੰਘ ਗਿੱਲ ਅਤੇ ਗੁਰਬਖਸ਼ ਸਿੰਘ ਵਜੀਰਾਵਾਦੀਆਂ ਨੂੰ ਸੈਨਿਕ ਅਤੇ ਸਿਵਲ ਪਬ੍ਰੰਧ ਦਾ ਕੰਮ ਸੌਂਪਿਆਂ ਸੀ ਅਤੇ ਸਿਵਲ ਮਾਮਲਿਆਂ ਦੀ ਦੇਖ-ਭਾਲ ਦੀਵਾਨ ਲੱਖਪਤ ਰਾਇ ਦੇ ਸਪੁਰਦ ਕੀਤੀ ਗਈ। ਰਣਜੀਤ ਸਿੰਘ ਦੀ ਮਾਤਾ ਰਾਜ ਕੌਰ ਵੀ ਪ੍ਰਬੰਧਕੀ ਕੰਮਾਂ ਵਿਚ ਕਾਫੀ ਸਿਆਣੀ ਸੀ। ਇਕ ਬਹੁਤ ਹੀ ਇਤਬਾਰੀ ਮੁਤਾਹਿਤ ਵਜੋਂ ਦੀਵਾਨ ਲੱਖਪਤ ਰਾਇ ਨੇ ਬੜੀ ਵਫਾਦਾਰੀ ਨਾਲ ਮਹਾਂ ਸਿੰਘ ਦੀ ਸੇਵਾ ਕੀਤੀ ਸੀ। ਦੀਵਾਨ ਉਸਦੇ ਆਮਦਨ ਅਤੇ ਖਰਚ ਦਾ ਸਾਰਾ ਹਿਸਾਬ ਰੱਖਦਾ ਸੀ। ਬਾਅਦ ਵਿਚ ਉਸ ਨੇ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਵੀ ਰਣਜੀਤ ਸਿੰਘ ਦੇ ਰਾਜ ਦੇ ਦੀਵਾਨ ਦਾ ਕੰਮ ਸਾਂਭੀ ਰੱਖਿਆ।ਜਦੋਂ ਰਣਜੀਤ ਸਿੰਘ 17 ਸਾਲ ਦਾ ਹੋ ਗਿਆ ਤਾਂ ਉਸ ਨੇ 1797 ਵਿਚ ਸ਼ੁਕਰਚੱਕੀਆ ਮਿਸਲ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਰਣਜੀਤ ਸਿੰਘ ਨੇ ਆਪਣੇ ਪਿਤਾ ਦੇ ਮਾਮੇ ਦਲ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ।1797 ਵਿਚ ਪੰਜਾਬ ਛੋਟੇ-ਛੋਟੇ ਟੁਕੜਿਆਂ ਵਿਚ ਵੰਡਿਆ ਹੋਇਆ ਸੀ। 1798 ਵਿਚ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਪੰਜਾਬ ਉਤੇ ਆਪਣਾ ਹੋਥਾ ਹਮਲਾ ਕੀਤਾ। ਇਸ ਤੋਂ ਪਹਿਲਾਂ ਕੀਤੇ ਤਿੰਨ ਹਮਲਿਆਂ ਵਿਚ ਉਹ ਲਾਹੌਰ ਉਪਰ ਕਬਜ਼ਾ ਕਰਨ ਵਿਚ ਕਾਮਯਾਬ ਨਹੀਂ ਹੋਇਆ ਸੀ। ਪਰ ਇਸ ਵਾਰ ਸ਼ਾਹਜ਼ਮਾਨ ਬਿਨਾਂ ਕਿਸੇ ਰੁਕਾਵਟ ਦੇ ਲਾਹੌਰ ਪਹੁੰਚ ਗਿਆ।ਉਸ ਦੇ ਲਾਹੌਰ ਪਹੁੰਚਣ ਦੀ ਖ਼ਬਰ ਸੁਣ ਕੇ ਭੱਗੀ ਸਰਦਾਰ ਉਸ ਦਾ ਮੁਕਾਬਲਾ ਕਰਨ ਦੀ ਥਾਂ ਡਰ ਕੇ ਭੱਜ ਗਏ। 27 ਨਵੰਬਰ 1798 ਨੂੰ ਲਾਹੌਰ ਉੱਤੇ ਸ਼ਾਹਜ਼ਮਾਨ ਨੇ ਕਬਜ਼ਾ ਕਰ ਲਿਆ। ਬਾਅਦ ਵਿਚ ਸ਼ਾਹਜ਼ਮਾਨ ਉੱਤੇ ਰਣਜੀਤ ਸਿੰਘ ਹਮਲੇ ਕਰਦਾ ਰਿਹਾ। ਸ਼ਾਹਜ਼ਮਾਨ ਕਾਬਲ ਵਿਚ ਗੜਬੜ ਹੋਣ ਕਾਰਨ 4 ਜਨਵਰੀ ਨੂੰ ਲਾਹੌਰ ਛੱਡ ਕੇ ਚਲਾ ਗਿਆ। ਇਸ ਤੋਂ ਬਾਅਦ ਰਣਜੀਤ ਸਿੰਘ ਨੇ ਕਿੰਨੀਆਂ ਹੀ ਹੋਰ ਲੜਾਈਆਂ ਲੜੀਆਂ ਜਿਨ੍ਹਾਂ ਵਿਚ ਮੁਢਲੇ ਸਾਲਾਂ ਵਿਚ ਮੁੱਖ ਭਸੀਨ ਦੀ ਲੜਾਈ (1800ਈ.), ਜੰਮੂ ਤੇ ਹਮਲਾ(1800 ਈ.), ਅਕਾਲਗੜ੍ਹ ਉੱਤੇ ਕਬਜ਼ਾ (1801ਈ.), ਕਸੂਰ ਦਾ ਘੇਰਾ (1801ਈ.), ਕਾਂਗੜੇ ਦਾ ਹਮਲਾ (1801ਈ.), ਅੰਮ੍ਰਿਤਸਰ ਉੱਤੇ ਕਬਜ਼ਾ (1805), ਕਸੂਰ ਤੇ ਕਬਜ਼ਾ (1807 ਈ). ਡੱਲੇਵਾਲੀਆ ਮਿਸਲ ਤੇ ਕਬਜ਼ਾ (1807ਈ.), ਆਦਿ ਸ਼ਾਮਿਲ ਸਨ।

2. ਰਣਜੀਤ ਸਿੰਘ ਇਕ ਜਰਨੈਲ ਦੇ ਤੌਰ ਤੇ:

ਇਹ ਕਿਹਾ ਜਾਂਦਾ ਹੈ ਕਿ ਲੀਡਰ ਜਾਂ ਪੈਦਾ ਹੁੰਦੇ ਹਨ ਜਾਂ ਬਣਾਏ ਜਾਂਦੇ ਹਨ। ਇਹ ਵੀ ਠੀਕ ਹੈ ਕਿ ਲੀਡਰ ਕੁਝ ਹੱਦ ਤਕ ਪੈਦਾ ਹੁੰਦੇ ਹਨ ਅਤੇ ਕੁਝ ਹੱਦ ਤਕ ਬਣਾਏ ਜਾਂਦੇ ਹਨ। ਪਰ ਮਹਾਰਾਜਾ ਰਣਜੀਤ ਸਿੰਘ ਜਨਮ ਤੋਂ ਹੀ ਲੀਡਰ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਬਚਪਨ ਦਾ ਜ਼ਿਆਦਾ ਸਮਾਂ ਯੁੱਧ ਕਲਾ ਨੂੰ ਸਿੱਖਣ ਤੇ ਲਾਇਆ ਅਤੇ ਆਪਣੇ ਆਪ ਨੂੰ ਇਕ ਅਜਿੱਤ ਮਿਲਟਰੀ ਲੀਡਰ ਬਣਾਉਣ ਲਈ ਸਮਾਂ ਲਾਇਆ। ਸਿਰਫ 17 ਸਾਲ ਦੀ ਉਮਰ ਵਿਚ ਹੀ ਉਸ ਨੂੰ ਜੰਗ ਦੇ ਮੈਦਾਨ ਵਿਚ ਆਪਣੀਆਂ ਸੈਨਾਵਾਂ ਦੀ ਕਮਾਂਡ ਕਰਨੀ ਪਈ। ਰਣਜੀਤ ਸਿੰਘ ਸ਼ੁਰੂ ਤੋਂ ਹੀ ਤਲਵਾਰਬਾਜ਼ੀ ਅਤੇ ਸ਼ਿਕਾਰ ਦਾ ਸ਼ੌਕੀਨ ਸੀ।

ਮਹਾਰਾਜਾ ਰਣਜੀਤ ਸਿੰਘ ਨਿਰਸੰਦੇਹ ਏਸ਼ੀਆ ਭਰ ਵਿਚ ਆਪਣੇ ਸਮੇਂ ਦਾ ਸਭ ਤੋਂ ਪ੍ਰਸਿੱਧ ਹਾਕਮ ਮੰਨਿਆ ਜਾਂਦਾ ਸੀ। ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀ ਮਹਾਰਾਜਾ ਨੂੰ ਮਿਲੇ ਬਿਨਾਂ ਆਪਣੇ ਦੇਸ਼ ਨੂੰ ਨਹੀਂ ਪਰਤਦੇ ਸਨ। ਮਹਾਰਾਜਾ ਦੀ ਵਚਿੱਤਰ ਸ਼ਖਸੀਅਤ ਦਾ ਦੂਰ ਦੂਰ ਤੱਕ ਚਰਚਾ ਹੋ ਚੁੱਕਾ ਸੀ। ਰਣਜੀਤ ਸਿੰਘ ਨੂੰ ਮਿਲਣ ਵਾਲਾ ਕੋਈ ਵੀ ਵਿਅਕਤੀ ਉਸ ਦੀ ਸ਼ਖਤੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ। ਅਲੈਂਜਾਂਦਰ ਬਰਨਜ਼ ਨੇ ਲਿਖਿਆ ਹੈ, ''ਮੈਂ ਏਸ਼ੀਆ ਦੇ ਕਿਸੇ ਵਸਨੀਕ ਨੂੰ ਮਿਲ ਕੇ ਇੰਨ੍ਹਾਂ ਜ਼ਿਆਦਾ ਪ੍ਰਭਾਵਿਤ ਨਹੀਂ ਹੋਇਆ ਜਿਨਾ ਰਣਜੀਤ ਸਿੰਘ ਨੂੰ ਮਿਲਕੇ, ਬਿਨਾਂ ਕਿਸੇ ਵਿਦਿਆ ਅਤੇ ਬਿਨਾਂ ਕਿਸੇ ਆਗੂ ਦੇ ਇਕ ਅਦਭੁਤ ਕਾਰਜ ਸ਼ਕਤੀ ਅਤੇ ਉਤਸ਼ਾਹ ਨਾਲ ਰਾਜ ਦੇ ਸਮੁੱਚੇ ਕਾਰੋਬਾਰ ਨੂੰ ਚਲਾਉਦਾ ਹੈ।'' ਨਿਰੀ ਰਣਜੀਤ ਸਿੰਘ ਦੀ ਹੀ ਅਜਿਹੀ ਸੱਤਾ ਸੀ ਜੋ ਅੰਗਰੇਜਾਂ ਦਾ ਮੁਕਾਬਲਾ ਕਰ ਸਕਦੀ ਸੀ।'ਇਸ ਤਰ੍ਹਾਂ ਰਣਜੀਤ ਸਿੰਘ ਵਿਚ ਪ੍ਰਬੰਧਕੀ ਯੋਗਤਾ ਅਤੇ ਬਹਾਦਰੀ ਦੇ ਉੱਚ ਪੱਧਰੀ ਗੁਣ ਸਨ। ਇਹ ਦੋਨੋਂ ਗੁਣ ਇਕ ਵਿਅਕਤੀ ਵਿਚ ਇਕੱਠੀਆਂ ਮਿਲਣੇ ਮੁਸ਼ਕਲ ਹਨ।

ਮਹਾਰਾਜਾ ਇਕ ਅਤਿ ਸਿਆਣਾ ਰਾਜਨੀਤੀ ਨੇਤਾ ਸੀ। ਰਾਜਨੀਤੀ ਵਿਚ ਉਸ ਨੂੰ ਹਰਾਉਣਾ ਸੁਖਾਲਾ ਕੰਮ ਨਹੀਂ ਸੀ। ਅੰਗਰੇਜ਼ਾਂ ਦੀਆਂ ਡੂੰਘੀਆਂ ਚਾਲਾਂ ਵੀ ਉਸ ਦੀ ਸਮਝ ਤੋਂ ਬਾਹਰ ਨਹੀਂ ਸਨ। ਅੰਮ੍ਰਿਤਸਰ ਦੀ ਸੰਧੀ (1809 ਈ.), ਜੋ ਅੰਗਰੇਜ਼ਾਂ ਨਾਲ ਕੀਤੀ ਗਈ ਸੀ ਮਹਾਰਾਜਾ ਦੀ ਰਾਜਨੀਤੀ ਦੀ ਇਕ ਸਪਸ਼ਟ ਉਦਾਹਰਣ ਹੈ। ਉਸ ਨੇ ਇਕ ਸਿਆਣੇ ਰਾਜਨੀਤੀ ਨੇਤਾ ਦੀ ਤਰ੍ਹਾਂ ਅੰਗਰੇਜ਼ਾਂ ਨਾਲ ਲੜਾਈ ਤੋਂ ਸਾਰੀ ਉਮਰ ਸੰਕੋਚ ਕੀਤਾ। ਉਸ ਦੇ ਰਾਜਨੀਤੀ ਨੇਤਾ ਹੋਣ ਦੇ ਕਈ ਹੋਰ ਪ੍ਰਮਾਣ ਉਸ ਦੇ ਸਿਵਲ ਅਤੇ ਸੈਨਿਕ ਰਾਜ ਪ੍ਰਬੰਧ ਵਿਚੋਂ ਵੀ ਮਿਲਦੇ ਹਨ। ਉਸ ਨੇ ਸ਼ੁਰੂ ਤੋਂ ਹੀ ਅਨੁਭਵ ਕਰ ਲਿਆ ਸੀ ਕਿ ਯੂਰਪੀਨ ਸੈਨਿਕ ਪ੍ਰਣਾਲੀ,

ਭਾਰਤੀ ਸੈਨਿਕ ਪ੍ਰਣਾਲੀ ਦੇ ਨਾਲੋਂ ਵਧੀਆ ਸੀ, ਇਸ ਲਈ ਉਸ ਨੇ ਆਪਣੀ ਸੈਨਾ ਦੇ ਵਧੇਰੇ ਭਾਗ ਨੂੰ ਯੂਰਪੀਅਨ ਪ੍ਰਣਾਲੀ ਵਿਚ ਢਾਲ ਦਿੱਤਾ ਸੀ। ਉਹ ਸਦਾ ਆਪਣੇ ਸਿਵਲ ਅਤੇ ਸੈਨਿਕ ਪ੍ਰਬੰਧ ਵਿਚ ਬੜੀ ਡੂੰਘੀ ਘੋਖ ਤੋਂ ਬਾਅਦ ਨਿਯੁਕਤੀਆਂ ਕਰਦਾ ਸੀ। ਉਸ ਨੂੰ ਪਤਾ ਸੀ ਕਿ ਮਾਝੇ ਅਤੇ ਦੁਆਬੇ ਦੇ ਜੱਟ ਵਿਸ਼ੇਸ਼ ਕਰਕੇ ਸੈਨਿਕ ਜੀਵਨ ਦੇ ਯੋਗ ਸਨ। ਇਸ ਲਈ ਉਸ ਨੇ ਉਨ੍ਹਾਂ ਨੂੰ ਆਪਣੀ ਸੈਨਾ ਵਿਚ ਭਰਤੀ ਕੀਤਾ ਅਤੇ ਬੜੇ ਉੱਚੇ ਉੱਚੇ ਅਹੁਦੇ ਦਿੱਤੇ। ਲੈਪਨ ਗ੍ਰਿਫਨ ਦੇ ਸ਼ਬਦਾਂ ਵਿਚ, ''ਉਸ ਨੇ ਜਿਸ ਮੁਲਕ ਨੂੰ ਆਪਣੀ ਸੈਨਿਕ ਸੁਯੋਗਤਾ ਨਾਲ ਜਿੱਤਿਆ ਸੀ। ਉਸ ਉੱਤੇ ਆਪਣੇ ਇਰਾਦੇ ਦੀ ਸ਼ਕਤੀ ਅਤੇ ਸੁਦ੍ਰਿੜ੍ਹਤਾ ਨਾਲ ਰਾਜ ਕੀਤਾ ਸੀ ਜਿਸ ਸਦਕੇ ਉਸ ਨੂੰ ਸਦੀ ਦੇ ਰਾਜਨੀਤੀ ਨੇਤਾਵਾਂ ਦੀ ਸਭ ਤੋਂ ਅਗਲੀ ਕਤਾਰ ਵਿਚ ਥਾਂ ਪ੍ਰਾਪਤ ਹੋਈ ਸੀ।''

ਰਣਜੀਤ ਸਿੰਘ ਦੀ ਸ਼ਖਸੀਅਤ ਦਾ ਇਕ ਜਰਨੈਲ ਦੇ ਤੌਰ ਤੇ ਅੰਦਾਜ਼ਾ ਲਾਉਣ ਲਈ ਅੱਗੇ ਦਿੱਤੇ ਗਏ ਸਿਰਲੇਖਾਂ ਅਧੀਨ ਅਧਿਐਨ ਕਰਨਾ ਜ਼ਰੂਰੀ ਹੈ।

2.1 ਸਾਹਸੀ ਅਤੇ ਨਿਡਰ:

ਰਣਜੀਤ ਸਿੰਘ ਦੀ ਹੌਸਲੇ ਦੀ ਭਾਵਨਾ ਬਹੁਤ ਉੱਚੀ ਸੀ। ਰਣਜੀਤ ਸਿੰਘ ਵਿਹਲਾ ਨਹੀਂ ਰਹਿੰਦਾ ਸੀ ਉਹ ਅਕਸਰ ਘਰ ਤੋਂ ਬਾਹਰ ਤੈਰਨ, ਸ਼ਿਕਾਰ, ਨਿਸ਼ਾਨੇਬਾਜ਼ੀ ਅਤੇ ਘੋੜਸਵਾਰੀ ਲਈ ਜਾਂਦਾ ਸੀ। ਉਸ ਦੇ ਹੌਸਲੇ ਦੀਆਂ ਉਦਾਹਰਨਾਂ ਉਸ ਦੀ ਮੁਹਿੰਮਾਂ ਵਿਚੋਂ ਮਿਲਦੀਆਂ ਹਨ। ਇਹ ਉਸ ਦੇ ਸਾਹਸੀਪਣ ਕਰਕੇ ਹੀ ਸੀ ਕਿ ਉਹ ਇਕ ਛੋਟੀ ਮਿਸਲ ਤੋਂ ਉਠ ਕੇ ਇਕ ਵੱਡਾ ਰਾਜਾ ਬਣ ਸਕਿਆ।

ਰਣਜੀਤ ਸਿੰਘ ਬਚਪਨ ਤੋਂ ਹੀ ਡਰ ਭੈ ਤੋਂ ਦੂਰ ਸੀ। ਬਚਪਨ ਵਿਚ ਰਣਜੀਤ ਸਿੰਘ ਇਕ ਵਾਰੀ ਜੰਗਲ ਵਿਚ ਇੱਕਲਾ ਆਪਣੇ ਸਾਥੀਆਂ ਤੋਂ ਬਿਨਾਂ ਸ਼ਿਕਾਰ ਕਰ ਰਿਹਾ ਸੀ। ਇਕ ਵਿਅਕਤੀ ਜਿਸ ਦਾ ਨਾਂ ਹਸ਼ਮਤ ਖਾਂ ਚੱਠਾ ਸੀ। ਰਣਜੀਤ ਸਿੰਘ ਦੇ ਪਿਤਾ ਦਾ ਦੁਸ਼ਮਣ ਸੀ, ਨੇ ਰਣਜੀਤ ਸਿੰਘ ਉਪਰ ਪਿਛੋਂ ਤਲਵਾਰ ਨਾਲ ਹਮਲਾ ਕਰ ਦਿੱਤਾ, ਪਰ ਰਣਜੀਤ ਸਿੰਘ ਚੁਸਤੀ ਨਾਲ ਬਚ ਗਿਆ ਅਤੇ ਫਿਰ ਉਸ ਨੇ ਹਸ਼ਮਤ ਖ਼ਾਂ ਤੇ ਹਮਲਾ ਕੀਤਾ ਅਤੇ ਉਸ ਦਾ ਸਿਰ ਵੱਢ ਦਿੱਤਾ ਅਤੇ ਆਪਣੀ ਤਲਵਾਰ ਉਪਰ ਟੰਗ ਲਿਆ ਅਤੇ ਆਪਣੇ ਸਾਥੀਆਂ ਨੂੰ ਦਿਖਾਇਆ। ਇਸ ਤਰ੍ਹਾਂ ਰਣਜੀਤ ਸਿੰਘ ਦੇ ਬਚਪਨ ਵਿਚ ਉਸ ਦੀ ਬਹਾਦਰੀ ਦੀਆਂ ਉਦਾਹਰਣਾਂ ਮਿਲਦੀਆਂ ਹਨ। ਰਣਜੀਤ ਸਿੰਘ ਸਾਰੀਆਂ ਮੁਹਿੰਮਾਂ ਵਿਚ ਹੱਥ ਵਿਚ ਤਲਵਾਰ ਲੈ ਕੇ ਲੜਿਆ ਅਤੇ ਆਪਣੇ ਸੈਨਿਕਾਂ ਦੀ ਅਗਵਾਈ ਕੀਤੀ।

2.2 ਨੈਤਿਕ ਅਤੇ ਸਰੀਰਕ ਹੌਸਲਾ:

ਰਣਜੀਤ ਸਿੰਘ ਖਰਾਬ ਹਾਲਤਾਂ ਵਿਚ ਵੀ ਘਬਰਾਉਂਦਾ ਨਹੀਂ ਸੀ। ਉਹ ਸ਼ਰੀਰਕ ਤੌਰ ਤੇ ਦਿਮਾਗੀ ਤੌਰ ਤੇ ਕਾਫੀ ਮਜ਼ਬੂਤ ਸੀ। ਰਣਜੀਤ ਸਿੰਘ ਜਲਦੀ ਥਕਦਾ ਵੀ ਨਹੀਂ ਸੀ। ਜਦੋਂ ਉਹ ਘੋੜੇ ਤੇ ਚੜ੍ਹਿਆ ਹੁੰਦਾ ਸੀ ਤਾਂ ਆਪਣੇ ਦੁਸ਼ਮਣਾਂ ਲਈ ਰਿਸ਼ਟ-ਪੁਸ਼ਟਤਾ ਅਤੇ ਹੌਸਲੇ ਦਾ ਸੰਕੇਤ ਹੁੰਦਾ ਸੀ।

1831 ਵਿਚ ਰੋਪੜ ਦੇ ਸਥਾਨ ਤੇ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿੰਗ ਨੂੰ ਮਿਲਣ ਸਮੇਂ, ਜਦੋਂ ਮਹਾਰਾਜਾ ਦੀ ਉਮਰ 51 ਸਾਲ ਦੀ ਸੀ, ਉਸ ਨੇ ਘੋੜ ਸਵਾਰੀ ਅਤੇ ਤਲਵਾਰ ਚਲਾਉਣ ਦੇ ਸ਼ਾਨਦਾਰ ਕਰਤੱਵ ਦਿਖਾ ਕੇ ਸਭ ਨੂੰ ਦੰਗ ਕਰ ਦਿੱਤਾ ਸੀ। ਲੈਪਨ ਗ੍ਰਿਫਨ ਦੇ ਸ਼ਬਦਾਂ ਵਿਚ, ''ਰਣਜੀਤ ਸਿੰਘ ਸਿਪਾਹੀਆਂ ਲਈ ਇਕ ਆਦਰਸ਼ ਸਿਪਾਹੀ ਸੀ। ਉਹ ਸਰੀਰਕ ਪੱਖੋਂ ਪਤਲਾ ਨਰੋਆ, ਫੁਰਤੀਲਾ, ਹੌਸਲੇ ਵਾਲਾ ਅਤੇ ਔਕੜਾਂ ਝੱਲਣ ਦੀ ਸ਼ਕਤੀ ਰੱਖਣ ਵਾਲਾ ਵਿਅਕਤੀ ਸੀ।''

ਜਦੋਂ ਨਿਜ਼ਾਮੁਦੀਨ ਦੇ ਵਿਰੁੱਧ ਕਸੂਰ ਦੀ ਲੜਾਈ ਸੰਕਟਮਈ ਹਾਲਤ ਵਿਚ ਪਹੁੰਚੀ ਤਾਂ ਰਣਜੀਤ ਸਿੰਘ ਨੇ ਦਿਲ ਨਹੀਂ ਛੱਡਿਆ। ਨੌਸ਼ਹਿਰਾ ਦੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੀ ਮੌਤ ਹੋ ਗਈ ਅਤੇ ਰਣਜੀਤ ਸਿੰਘ ਦੀ ਇਸ ਲੜਾਈ ਵਿਚ ਹਾਰ ਹੋ ਗਈ ਤਾਂ ਰਣਜੀਤ ਸਿੰਘ ਨੇ ਹੌਸਲਾ ਨਹੀਂ ਛੱਡਿਆ। ਹਾਲਤ ਤੇ ਕਾਬੂ ਪਾਇਆ ਅਤੇ ਹਾਰ ਨੂੰ ਜਿੱਤ ਵਿਚ ਬਦਲਿਆ।

2.3 ਸਮਝਦਾਰ ਅਤੇ ਨਿਰਣਾਇਕ:-

ਰਣਜੀਤ ਸਿੰਘ ਬਹੁਤ ਹੀ ਸਮਝਦਾਰ ਲੀਡਰ ਸੀ। ਉਹ ਮਸਲਿਆਂ ਪ੍ਰਤੀ ਪ੍ਰੈਕਟੀਕਲ ਸੀ। ਜਿਸ ਦਾ ਕਾਰਨ ਉਸ ਦਾ ਲੰਬਾ ਤਜ਼ਰਬਾ ਅਤੇ ਸ਼ੁਰੂ ਤੋ ਹੋਈ ਸਿਖਲਾਈਸੀ। ਉਸ ਦੀ ਪਹੁੰਚ ਫੈਸਲਾਕੁਨ ਹੁੰਦੀ ਸੀ ਅਤੇ ਜੇ ਇਕ ਵਾਰੀ ਉਹ ਆਪਣਾ ਮਨ ਬਣਾ ਲੈਂਦਾ ਸੀ ਤਾਂ ਬਾਅਦ ਵਿਚ ਥਿੜਕਦਾ ਨਹੀਂ ਸੀ। ਇਹ ਉਸ ਦੀ ਸਮਝਦਾਰੀ ਅਤੇ ਨਿਰਣਾਇਕਤਾ ਕਰਕੇ ਸੀ ਕਿ ਠੀਕ ਮੌਕੇ ਆਉਣ ਤੇ ਠੀਕ ਫੈਸਲਾ ਲੈ ਸਕਿਆ। ਉਸ ਦਾ ਆਪਣੇ ਪਿਤਾ ਦੇ ਮਾਮੇ ਦਲ ਸਿੰਘ ਨੂੰ ਮੁੱਖ ਮੰਤਰੀ ਬਣਾਉਣਾ ਕਾਫੀ ਸਮਝਦਾਰੀ ਦਾ ਫੈਸਲਾ ਸੀ। ਜਦੋਂ ਸ਼ਾਹਜ਼ਮਾਨ ਨੇ ਦਿੱਲੀ ਵੱਲ ਜਾਣ ਲਈ ਰਣਜੀਤ ਸਿੰਘ ਤੋਂ ਉਸ ਦੇ ਰਾਜ ਵਿਚੋਂ ਦੀ ਰਸਤਾ ਮੰਗਿਆ ਤਾਂ ਉਸ ਨੇ ਸ਼ਾਹਜ਼ਮਾਨ ਨੂੰ ਇਸ ਦੀ ਇਜ਼ਾਜਤ ਨਹੀਂ ਦਿੱਤੀ ਜਦ ਕਿ ਰਣਜੀਤ ਸਿੰਘ ਮਿਸਲਦਾਰਾਂ ਦਾ ਫੈਸਲਾ ਕੁਝ ਹੋਰ ਸੀ।

2.4 ਵਿਉਂਤੀ ਅਤੇ ਚਤੁਰ:

ਰਣਜੀਤ ਸਿੰਘ ਬਹੁਤ ਵਿਉਂਤੀ ਅਤੇ ਚਤੁਰ ਵਿਅਕਤੀ ਸੀ। ਇਹ ਗੁਣ ਉਸ ਦੇ ਰਾਜ ਕਾਲ ਦੇ ਵੱਖਰੇ ਵੱਖਰੇ ਸਮਿਆਂ ਤੇ ਮਿਲਦੇ ਹਨ। ਜਦੋਂ ਉਸ ਨੂੰ ਲਾਹੌਰ ਜਿੱਤਣ ਲਈ ਸੁਨੇਹਾ ਭੇਜਿਆ ਗਿਆ ਤਾਂ ਉਸ ਨੇ ਬੜੇ ਚਤੁਰ ਢੰਗ ਨਾਲ ਕੁਟਨੀਤਕ

ਤਰੀਕੇ ਨਾਲ ਕਾਜੀ ਅਬਦੁਲ ਰਹਿਮਾਨ ਨੂੰ ਸੂਚਨਾ ਅਤੇ ਸੂਹ ਲਾਉਣ ਲਈ ਭੇਜਿਆ ਕਿ ਸਮਾਂ ਠੀਕ ਵੀ ਹੈ ਜਾਂ ਨਹੀਂ। ਆਪਣੀ ਚਤੁਰਤਾ, ਕੂਟਨੀਤੀ ਅਤੇ ਸ਼ਕਤੀ ਦੇ ਪ੍ਰਦਸ਼ਣ ਨਾਲ ਅਤੇ ਗੁਪਤਚਰੀ ਤਰੀਕੇ ਨਾਲ ਲਾਹੌਰੀ ਗੇਟ ਖੁਲ੍ਹਵਾ ਲਿਆ। ਬਾਅਦ ਵਿਚ ਅੰਮ੍ਰਿਤਸਰ ਨੂੰ ਜਿੱਤਣ ਵੇਲੇ ਵੀ ਚਤੁਰਤਾ ਦਾ ਸਬੂਤ ਦਿੱਤਾ ਅਤੇ ਨਾ ਹੀ ਤੋਪਾਂ ਦੀ ਫਾਇਰਿੰਗ ਕਰਨ ਦਿੱਤੀ ਅਤੇ ਨਾ ਹੀ ਲੁੱਟਮਾਰ। ਇਸ ਨਾਲ ਉਹ ਅਕਾਲੀ ਫੂਲਾ ਸਿੰਘ ਤੋਂ ਇੱਜ਼ਤ ਅਤੇ ਵਫਾਦਾਰੀ ਲੈ ਸਕਿਆ। ਜਦੋਂ ਕਾਬੁਲ ਦੇ ਸ਼ਾਸਕ ਦੋਸਤ ਮੁਹੰਮਦ ਨੇ ਰਣਜੀਤ ਸਿੰਘ ਤੋਂ ਪਿਸ਼ਾਵਰ ਲੈਣ ਲਈ 'ਜਹਾਦ' ਦਾ ਨਾਂ ਦਿੱਤਾ। ਉਸ ਵੇਲੇ ਵੀ ਸਾਨੂੰ ਰਣਜੀਤ ਸਿੰਘ ਨੇ ਇਕ ਚੰਗੇ ਲੀਡਰ ਵਾਲੇ ਗੁਣਾ ਹੋਣ ਦਾ ਸਬੂਤ ਦਿੱਤਾ। ਦੋਸਤ ਮੁਹੰਮਦ ਨੇ 40,000 ਦੀ ਸੈਨਾ ਇਕੱਠੀ ਕਰ ਲਈ ਸੀ। ਇਸ ਵੇਲੇ ਰਣਜੀਤ ਸਿੰਘ ਨੇ ਅੰਦਾਜ਼ਾ ਲਾਇਆ ਕਿ ਦੋਸਤ ਮੁਹੰਮਦ ਨਾਲ ਟਕਰਾਉਣਾ ਠੀਕ ਨਹੀਂ ਹੈ ਕਿਉਂਕਿ ਰਣਜੀਤ ਸਿੰਘ ਨੂੰ ਫੌਜ ਇਕੱਠੀ ਕਰਨ ਲਈ ਸਮਾਂ ਚਾਹੀਦਾ ਸੀ। ਉਸ ਨੇ ਹਰਲਨ ਫਰੰਗੀ ਅਤੇ ਫਕੀਰ ਨੂੰ ਸਮਝੌਤਾ ਕਰਨ ਲਈ ਭੇਜਿਆ। ਇਸ ਤਰ੍ਹਾਂ ਰਣਜੀਤ ਸਿੰਘ ਅਫਗਾਨ ਹਮਲੇ ਨੂੰ ਲੇਟ ਕਰਨ ਅਤੇ ਖਤਰੇ ਨੂੰ ਲੇਟ ਕਰਨ ਅਤੇ ਖਤਰੇ ਨੂੰ ਨਜਿੱਠਣ ਲਈ ਆਪਣੀਆਂ ਸੈਨਾਵਾਂ ਇਕੱਠਿਆਂ ਕਰਨ ਵਿਚ ਕਾਮਯਾਬ ਹੋ ਗਿਆ।

2.5 ਪ੍ਰੇਰਣਾ ਸਰੋਤ ਅਗਵਾਈ:

ਰਣਜੀਤ ਸਿੰਘ ਇਕ ਅਜਿਹਾ ਆਗੂ ਸੀ ਜਿਸ ਤੋਂ ਸੈਨਿਕਾਂ ਨੂੰ ਲੀਡਰਸ਼ਿਪ ਦੀ ਪ੍ਰੇਰਣਾ ਮਿਲਦੀ ਸੀ। ਜਦੋਂ ਉਸ ਦੀਆਂ ਸੈਨਾਵਾਂ ਹਾਰ ਰਹੀਆਂ ਸਨ ਅਤੇ ਵਿਸ਼ਵਾਸ਼ ਗਵਾ ਰਹੀਆਂ ਹੁੰਦੀਆਂ ਸਨ ਤਾਂ ਨਿੱਜੀ ਤੌਰ ਤੇ ਲੜਾਈ ਦੇ ਮੈਦਾਨ ਵਿਚ ਜਾ ਕੇ ਲੜਨ ਲਗਦਾ ਸੀ। ਅਜਿਹੇ ਡਰਾਵੇ ਤੋਂ ਰਹਿਤ ਉਸ ਦੇ ਕੁਝ ਕਾਰਨਾਮਿਆਂ ਤੋਂ ਉਸ ਦੇ ਸੈਨਿਕਾਂ ਨੂੰ ਪ੍ਰੇਰਣਾ ਮਿਲਦੀ ਸੀ। ਇਸ ਤਰ੍ਹਾਂ ਉਸ ਦੇ ਨਿਜੀ ਤੌਰ ਤੇ ਲੜਾਈ ਦੇ ਮੈਦਾਨ ਵਿਚ ਜਾਣ ਨਾਲ ਅਤੇ ਬਹਾਦਰੀ ਦਿਖਾਉਣ ਨਾਲ ਉਸ ਦੇ ਸੈਨਿਕ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦੇ ਸਨ। ਕਸੂਰ ਅਤੇ ਨੌਸ਼ਹਿਰੇ ਦੀ ਲੜਾਈ ਵਿਚ ਸਾਨੂੰ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ।

2.6 ਸ਼ਾਂਤ ਅਤੇ ਲਚਕਦਾਰ ਸੋਚ:

ਲੜਾਈ ਦੇ ਮੈਦਾਨ ਵਿਚ ਰਣਜੀਤ ਸਿੰਘ ਕਾਫ਼ੀ ਲਚਕਦਾਰ ਸੋਚ ਰੱਖਦਾ ਸੀ। ਜਦੋਂ ਉਸ ਨੂੰ ਲਗਦਾ ਸੀ ਕਿ ਉਸ ਦੀ ਕੋਈ ਸਕੀਮ ਕਾਮਯਾਬ ਨਹੀਂ ਤਾਂ ਉਹ ਸਖਤ ਰਵੱਈਆ ਅਖਿਤਆਰ ਨਹੀਂ ਕਰਦਾ ਸੀ ਅਤੇਉਹ ਹਾਲਾਤਾਂ ਮੁਤਾਬਕ ਸਕੀਮ ਨੂੰ ਬਦਲ ਦਿੰਦਾ ਸੀ। ਉਦਾਹਰਣ ਦੇ ਤੌਰ ਤੇ ਮੌਸਮ ਖਰਾਬ ਹੋਣ ਕਾਰਨ ਉਸ ਨੇ ਆਪਣੀ ਸਕੀਮ ਲਾਹੌਰ ਦੀ ਮੁਹਿੰਮ ਸਮੇਂ ਬਦਲ ਦਿੱਤੀ ਸੀ ਅਤੇ ਇਸੇ ਤਰ੍ਹਾਂ ਉਸ ਨੇ ਕਸ਼ਮੀਰ ਦੀ ਲੜਾਈ ਦੇ ਦੌਰਾਨ ਕੀਤਾ ਸੀ।

ਜਦੋਂ ਉਹ ਕਿਸੇ ਮੁਸ਼ਕਲ ਵਿਚ ਹੁੰਦਾ ਸੀ ਤਾਂ ਵੀ ਉਸ ਨੇ ਕਦੀ ਮਨ ਦੀ ਸ਼ਾਂਤੀ ਨਹੀਂ ਗਵਾਈ। ਕਸੂਰ ਅਤੇ ਨੌਸ਼ਹਿਰਾ ਦੀਆਂ ਲੜਾਈਆਂ ਦੇ ਦੌਰਾਨ ਜਦੋਂ ਹਾਲਾਤ ਉਸ ਦੇ ਪੱਖ ਵਿਚ ਨਹੀਂ ਸਨ ਤਾਂ ਵੀ ਉਹ ਬਹੁਤ ਸ਼ਾਂਤ ਰਿਹਾ ਸੀ। ਉਸ ਦੀ ਸ਼ਾਂਤ ਅਤੇ ਠਰੰਮੇ ਵਾਲੇ ਸੁਭਾਅ ਤੋਂ ਉਸ ਦੇ ਸੈਨਿਕਾਂ ਨੂੰ ਪ੍ਰੇਰਣਾ ਮਿਲਦੀ ਸੀ।

2.7 ਮਹਾਨ ਯੁੱਧ ਨੀਤੀ ਵੇਤਾ:

ਰਣਜੀਤ ਸਿੰਘ ਨੇ ਚਾਹੇ ਕੋਈ ਪਰੰਪਰਾਗਤ ਸਿਖਿਆ ਨਹੀਂ ਲਈ ਸੀ ਪਰ ਉਸ ਨੂੰ ਸੈਨਿਕ ਯੁੱਧ ਕਲਾ ਦੀ ਪੂਰੀ ਸਮਝ ਸੀ। ਕਿਸੇ ਮੁਹਿੰਮ ਤੇ ਜਾਣ ਤੋਂ ਪਹਿਲਾਂ ਉਹ ਯਕੀਨੀ ਬਣਾਉਂਦਾ ਸੀ ਕਿ ਦੁਸ਼ਮਣ ਦੇ ਕੈਂਪ ਵਿਚ ਮਤਭੇਦ ਕਾਇਮ ਹੋ ਸਕਣ। ਲਾਹੌਰ ਤੇ ਹਮਲਾ ਕਰਨ ਤੋਂ ਪਹਿਲਾਂ ਉਸ ਨੇ ਦੋ ਪ੍ਰਮੁੱਖ ਸ਼ਹਿਰਾਂ ਨੂੰ ਜਿੱਤਿਆ ਸੀ। ਅਸਲੀ ਹਮਲੇ ਤੋਂ ਪਹਿਲਾਂ ਉਹ ਅਫਵਾਹਾਂ ਫੈਲਾਉਂਦਾ ਸੀ। ਅੰਮ੍ਰਿਤਸਰ ਦੇ ਹਮਲੇ ਤੋਂ ਪਹਿਲਾਂ ਇਹ ਕਿਹਾ ਕਿ ਅੰਮ੍ਰਿਤਸਰ ਤੀਰਥ ਯਾਤਰਾ ਲਈ ਆ ਰਿਹਾ ਹੈ। ਇਸੇ ਤਰ੍ਹਾਂ ਲਾਹੌਰੀ ਗੇਟ ਖੁਲਾਉਣ ਦੀ ਵੱਡੀ ਯੁੱਧਨੀਤਕ ਚਾਲ ਸੀ।

ਉਸ ਨੇ ਆਪਣਾ ਰਾਜ ਸਥਾਪਤ ਕਰਨ ਵੇਲੇ ਤਕੜੇ ਸਰਦਾਰਾਂ ਨਾਲ ਮਿੱਤਰਤਾ ਕੀਤੀ ਅਤੇ ਮਾੜੇ ਸਰਦਾਰਾਂ ਨੂੰ ਖਤਮ ਕੀਤਾ। ਬਾਅਦ ਵਿਚ ਤਕੜੇ ਸਰਦਾਰਾਂ ਨੂੰ ਇਕ ਇਕ ਕਰਕੇ ਕੁਚਲਿਆ। ਇਹ ਨੀਤੀ ਉਸ ਦੀ ਕਾਫੀ ਕਾਮਯਾਬ ਰਹੀ। ਅੰਮ੍ਰਿਤਸਰ ਦੀ ਜਿੱਤ ਦੌਰਾਨ ਉਸ ਨੇ ਕੋਈ ਵੀ ਅਜਿਹਾ ਕੰਮ ਨਾ ਕੀਤਾ। ਜਿਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ। ਸਭ ਤੋਂ ਪਹਿਲਾਂ ਉਸ ਨੇ ਅਕਾਲੀ ਫੂਲਾ ਸਿੰਘ ਵਰਗੇ ਪ੍ਰਭਾਵੀ ਵਿਅਕਤੀਆਂ ਨੂੰ ਆਪਣੇ ਵਿਰੁੱਧ ਹੋਣ ਤੋ ਰੋਕਿਆ। ਇਸ ਜਿੱਤ ਸਮੇਂ ਉਸ ਨੇ ਅੰਮ੍ਰਿਤਸਰ ਵਿਚ ਤੋਪਾਂ ਚਲਾਉਣ ਜਾਂ ਲੁੱਟ ਮਾਰ ਕਰਨ ਦੀ ਸਖਤ ਮਨਾਹੀ ਕੀਤੀ। ਇਸ ਤਰ੍ਹਾਂ ਉਸ ਨੂੰ ਆਪਣੇ ਵਿਰੋਧੀਆਂ ਉਪਰ ਯੁੱਧਨੀਤਕ ਫਾਇਦਾ ਹੋਇਆ।

ਜਦੋਂ ਹੋਲਕਰ ਪੰਜਾਬ ਵਿਚ ਰਣਜੀਤ ਸਿੰਘ ਤੋਂ ਅੰਗਰੇਜ਼ਾਂ ਦੇ ਵਿਰੁੱਧ ਮਦਦ ਲੈਣ ਲਈ ਆਇਆ ਤਾਂ ਰਣਜੀਤ ਸਿੰਘ ਨੇ ਬਹੁਤ ਸਮਝਦਾਰੀ ਤੋਂ ਕੰਮ ਲਿਆ। ਜੇ ਉਹ ਅੰਗਰੇਜ਼ਾਂ ਵਿਰੁੱਧ ਹੋਲਕਰ ਨੂੰ ਮਦਦ ਦਿੰਦਾ ਤਾਂ ਇਹ ਰਣਜੀਤ ਸਿੰਘ ਲਈ ਨੁਕਸਾਨਦੇਹ ਹੋਣਾ ਸੀ ਕਿਉਂਕਿ ਉਹ ਮਿਲਟਰੀ ਤੌਰ ਤੇ ਈਸਟ ਇੰਡੀਆ ਕੰਪਨੀ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਜੇ ਉਹ ਹੋਲਕਰ ਨੂੰ ਨਾਂਹ ਕਰਦਾ ਤਾਂ ਉਸ ਦੀ ਇੱਜ਼ਤ ਹੋਲਕਰ ਦੀਆ ਨਜ਼ਰਾਂ ਵਿਚ ਗਿਰਦੀ ਸੀ। ਉਸ ਨੇ ਅੰਗਰੇਜ਼ਾਂ ਤੇ ਹੋਲਕਰ ਵਿਚਕਾਰ

ਸੰਧੀ ਕਰਵਾ ਦਿੱਤੀ। ਇਸ ਤਰ੍ਹਾਂ ਉਸ ਨੇ ਦੋਨਾਂ ਪਾਸਿਆਂ ਦੀਆਂ ਨਜ਼ਰਾਂ ਵਿਚ ਆਪਣੀ ਇੱਜ਼ਤ ਬਣਾ ਲਈ।

ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦੀ ਸੰਧੀ ਕੀਤੀ ਸੀ ਜਿਸ ਨਾਲ ਅੰਗਰੇਜ਼ਾਂ ਅਤੇ ਸਿੱਖਾਂ ਨੇ ਆਪਣੀ ਹੱਦ ਸਤਲੁਜ ਨੂੰ ਮੰਨ ਲਿਆ ਸੀ। ਕੁਝ ਵਿਦਵਾਨਾਂ ਦੁਆਰਾ ਰਣਜੀਤ ਸਿੰਘ ਦੀ ਇਸ ਸੰਧੀ ਨੂੰ ਨਿੰਦਿਆ ਗਿਆ ਹੈ ਪਰ ਜੇ ਸਾਰੀ ਸਥਿਤੀ ਅਤੇ ਦੋਨਾਂ ਪਾਸਿਆਂ ਦੀ ਸ਼ਕਤੀ ਨੂੰ ਦੇਖਿਆ ਜਾਵੇ ਤਾਂ ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਰਣਜੀਤ ਸਿੰਘ ਦਾ ਇਹ ਫੈਸਲਾ ਕਾਫੀ ਠੀਕ ਸੀ ਕਿਉਂਕਿ ਅੰਗਰੇਜ਼ਾਂ ਨਾਲ ਦੁਸ਼ਮਣੀ ਪੈਦਾ ਕਰਕੇ ਆਪਣੀ ਸਰਹੱਦ ਤੇ ਸਦਾ ਲਈ ਖ਼ਤਰਾ ਪੈਦਾ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਸਾਰਾ ਵਿਸਥਾਰ ਪੱਛਮ ਵੱਲ ਕੀਤਾ। ਇਸ ਤਰ੍ਹਾਂ ਉਸ ਦੀ ਪੂਰਤੀ ਸਰਹੱਦ ਸੁਰੱਖਿਅਤ ਹੋ ਗਈ ਅਤੇ ਪੱਛਮ ਵੱਲ ਅਫ਼ਗਾਨਿਸਤਾਨ ਤੱਕ ਵਿਸਥਾਰ ਕਰ ਲਿਆ।

2.8 ਯੁੱਧ ਕਲਾ ਵਿਚ ਮਾਹਿਰ:

ਰਣਜੀਤ ਸਿੰਘ ਨੇ ਕੋਈ ਰਿਵਾਜੀ ਸਿੱਖਿਆ ਨਹੀਂ ਲਈ ਸੀ ਪਰ ਫਿਰ ਵੀ ਉਹ ਯੁੱਧ ਕਲਾ ਵਿਚ ਬਹੁਤ ਮਾਹਿਰ ਸੀ। ਰਣਜੀਤ ਸਿੰਘ ਦੀਆਂ ਮੁਹਿੰਮਾਂ ਦਾ ਅਧਿਐਨ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਯੁੱਧ ਕਲਾ ਦਾ ਬੜਾ ਡੂੰਘਾ ਗਿਆਨ ਸੀ। ਉਸ ਨੂੰ ਫੌਜੀ ਯੁੱਧਨੀਤੀ, ਦਾਅ ਪੇਚਾਂ ਅਤੇ ਯੁੱਧ ਦੇ ਸਿਧਾਤਾਂ ਦੀ ਪੂਰੀ ਸਮਝ ਸੀ, ਜਿਸ ਨੂੰ ਉਸ ਨੇ ਬਹੁਤ ਵਧੀਆ ਤਰੀਕੇ ਨਾਲ ਆਪਣੇ ਫਾਇਦੇ ਲਈ ਲਾਗੂ ਕੀਤਾ। ਰਣਜੀਤ ਸਿੰਘ ਨੈਪੋਲੀਅਨ ਦਾ ਸਮਕਾਲੀਨ ਸੀ। ਜੋ ਕੁਝ ਜੋਮਿਨੀ ਅਤੇ ਕਲਾਜਵਿਟਜ ਨੇ ਯੂਰਪੀ ਯੁੱਧ ਕਲਾ ਬਾਰੇ ਨੈਪੋਲੀਅਨ ਬਾਰੇ ਲਿਖਿਆ ਹੈ। ਉਹ ਸਾਰੇ ਕੁਝ ਦੀ ਝਲਕ ਸਾਨੂੰ ਰਣਜੀਤ ਸਿੰਘ ਦੀਆਂ ਲੜਾਈਆਂ ਵਿਚੋਂ ਮਿਲਦੀ ਹੈ।

'ਨਿਸ਼ਾਨੇ ਦੀ ਚੋਣ ਅਤੇ ਸਥਿਰਤਾ' ਦੇ ਸਿਧਾਂਤ ਨੂੰ ਉਸ ਨੇ ਵਰਤਿਆ। ਜਦੋਂ ਉਹ ਨਿਸ਼ਾਨੇ ਦੀ ਇਕ ਵਾਰੀ ਚੋਣ ਕਰ ਲੈਂਦਾ ਸੀ ਤਾਂ ਆਪਣੇ ਉਦੇਸ਼ ਦੀ ਪੂਰਤੀ ਲਈ ਅਖੀਰ ਤੱਕ ਲੱਗਿਆ ਰਹਿੰਦਾ ਸੀ। ਇਸ ਲੜਾਈ ਦੇ ਸਿਧਾਂਤ ਦੀ ਵਰਤੋਂ ਆਮ ਕਰਕੇ ਲਾਹੌਰ ਵਿੱਚ ਵੀ ਉਸ ਨੇ ਬਹੁਤ ਸੁਚੱਜੇ ਤਰੀਕੇ ਨਾਲ ਕੀਤੀ।

ਅਭਿਆਸ ਲਈ ਪ੍ਰਸ਼ਨ:-

1. **ਮਹਾਰਾਜਾ ਰਣਜੀਤ ਸਿੰਘ ਬਾਰੇ ਸੰਖੇਪ ਵਿਚ ਦਸੋ।**
2. **ਸਿੱਖਾਂ ਦੇ ਲੜਨ ਦੇ ਢੰਗਾਂ ਬਾਰੇ ਲਿਖੋ।**
3. **ਸਿੱਖ ਮਿਸਲਾਂ ਦੇ ਨਾਂ ਲਿਖੋ।**

ਮਹਾਰਾਜਾ ਰਣਜੀਤ ਸਿੰਘ ਦਾ ਫੌਜੀ ਸੰਗਠਨ



3.1 ਭਰਤੀ: ਲੈਪਨ ਗ੍ਰਿਫਨ ਅਨੁਸਾਰ ਮਹਾਰਾਜਾ ਦੇ ਰਾਜ ਸਮੇਂ ਭਰਤੀ ਨਿਰੋਲ ਲੋਕਾਂ ਦੀ ਮਰਜ਼ੀ ਉੱਤੇ ਸੀ ਅਤੇ ਲਾਹੌਰ ਸਰਕਾਰ ਨੂੰ ਸੈਨਿਕ ਪ੍ਰਾਪਤ ਕਰਨ ਵਿਚ ਬਿਲਕੁਲ ਕੋਈ ਕਠਿਨਾਈ ਨਹੀਂ ਸੀ ਹੁੰਦੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਫੌਜ ਦੀ ਨੌਕਰੀ ਨੂੰ ਲੋਕ ਬਹੁਤ ਪਸੰਦ ਕਰਦੇ ਸਨ। ਲੋਫ਼ ਅਨੁਸਾਰ ਮਹਾਰਾਜਾ ਜਿੰਨੀ ਵੀ ਚਾਹੁੰਦਾ ਫੌਜ ਵਧਾ ਸਕਦਾ ਸੀ। ਫੌਜ ਵਿਚ ਭਰਤੀ ਹੋਣ ਲਈ ਸਦਾ ਭੀੜ ਲੱਗੀ ਰਹਿੰਦੀ ਸੀ ਜਿਸ ਦਾ ਕਾਰਣ ਇਹ ਸੀ ਕਿ ਪੰਜਾਬ ਤੋਂ ਬਾਹਰ ਮਰਹੱਟਿਆ ਦੀਆਂ ਫੌਜਾਂ ਟੁੱਟ ਜਾਣ ਬਾਅਦ ਕਾਫੀ ਬੇਰੁਜ਼ਗਾਰੀ ਹੋ ਗਈ ਸੀ ਦੂਜੀ ਪੰਜਾਬ ਵਿਚ ਹਰ ਰਿਸ਼ਟ-ਪੁਸ਼ਟ ਆਦਮੀ ਲਾਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਣਾ ਚਾਹੁੰਦਾ ਸੀ। ਤੀਜਾ, ਸਿੱਖ ਲੋਕ ਆਪਣੀਆਂ ਬਹਾਦਰੀਆਂ ਦੀਆਂ ਰਿਵਾਇਤਾਂ ਤੇ ਸਨਮੁਖ ਸੈਨਿਕ ਜੀਵਨ ਨੂੰ ਤਰਜੀਹ ਦਿੰਦੇ ਸਨ। ਸੈਨਿਕਾਂ ਨੂੰ ਕਾਫੀ ਚੰਗੀ ਤਨਖਾਹ, ਛੇਤੀ ਤਰੱਕੀ ਅਤੇ ਨੌਕਰੀ ਵਿਚ ਸੁਰੱਖਿਆ ਪ੍ਰਾਪਤ ਸੀ। ਜਾਗੀਰਦਾਰਾਂ ਦੇ ਸੈਨਿਕਾਂ ਅਤੇ ਪ੍ਰਾਂਤਕ ਸੈਨਿਕ ਟੁਕੜੀਆਂ ਦੀ ਭਰਤੀ ਤੋਂ ਇਲਾਵਾ ਬਾਕੀ ਸਾਰੀ ਭਰਤੀ ਦਾ ਕੰਮ ਸਿੱਧਾ ਲਾਹੌਰ ਸਰਕਾਰ ਕਰਦੀ ਸੀ। ਆਮ ਤੌਰ ਤੇ ਸਰਕਾਰੀ ਅਫਸਰ ਰੰਗਰੂਟਾਂ ਦੇ ਭਰਤੀ ਹੋਣ ਲਈ ਸਿਫਾਰਸ਼ ਕਰਦੇ ਸਨ। ਕਦੇ ਕਦੇ ਫ਼ੌਜੀ ਹਾਲਤ ਵਿਚ ਭਰਤੀ ਦਾ ਕੰਮ ਬੜੇ ਸਰਦਾਰਾਂ ਕਮਾਨ ਅਫ਼ਸਰਾਂ, ਗਵਰਨਰਾਂ ਅਤੇ ਦਰਬਾਰ ਦੇ ਹੋਰ ਉੱਚ ਕਰਮਚਾਰੀਆਂ ਦੇ ਸਪੁਰਦ ਕਰ ਦਿੱਤਾ ਜਾਂਦਾ ਸੀ। ਅਫਸਰਾਂ ਦੀ ਭਰਤੀ ਦਾ ਕੰਮ ਨਿਰੋਲ ਮਹਾਰਾਜਾ ਦੇ ਆਪਣੇ ਹੱਥਾਂ ਵਿਚ ਸੀ। ਆਮ ਤੌਰ ਤੇ ਉੱਚੇ ਅਤੇ ਭਰੋਸੇਯੋਗ ਅਫਸਰਾਂ ਦੇ ਪੁੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਅਫਸਰ ਨਿਯੁਕਤ ਕੀਤਾ ਜਾਂਦਾ ਸੀ। ਰਣਜੀਤ ਸਿੰਘ ਨੇ ਆਪਣੀ ਸੈਨਾ ਨੂੰ ਆਧੁਨਿਕ ਬਣਾਉਣ ਲਈ ਬਹੁਤ ਸਾਰੇ ਵਿਦੇਸ਼ੀ ਅਫਸਰਾਂ ਨੂੰ ਮੁਕੱਰਰ ਕੀਤਾ ਸੀ।

ਫੌਜ ਦੀ ਵੰਡ ਇਸ ਤਰ੍ਹਾਂ ਸੀ:

3.2 ਘੋੜਸਵਾਰ ਫੌਜ: ਖਾਲਸਾ ਫੌਜ ਮੁੱਢ ਤੋਂ ਹੀ ਘੋੜਸਵਾਰ ਫੌਜ ਰਹੀ। ਪਰ ਸਮੇਂ ਦੇ ਅਨੁਸਾਰ ਰਣਜੀਤ ਸਿੰਘ ਨੇ ਪੈਦਲ ਫੌਜ ਉਪਰ ਬਾਅਦ ਵਿਚ ਖਾਸ ਧਿਆਨ ਦਿੱਤਾ। ਘੋੜਸਵਾਰ ਫੌਜ ਨੂੰ ਨਿਯਮਤ ਫੌਜ, ਘੋੜਚੜ੍ਹਾ ਫੌਜ ਅਤੇ ਜਗੀਰਦਾਰੀ ਫੌਜ ਵਿਚ ਵੰਡਿਆ ਗਿਆ ਸੀ।

3.2.1 ਨਿਯਮਤ ਘੋੜ ਸਵਾਰ ਫੌਜ: ਨਿਯਮਿਤ ਘੋੜ ਸਵਾਰ ਦਾ ਇਹ ਹਿੱਸਾ, ਪਹਿਰਾਵੇ ਅਤੇ ਹਥਿਆਰਾਂ ਲਈ ਸਭ ਤੋਂ ਉੱਚੀ ਜਗ੍ਹਾ ਰੱਖਦਾ ਸੀ। ਇਸ ਵਿਚ ਸਭ ਤੋਂ ਯੋਗ ਆਦਮੀ ਸ਼ਾਮਿਲ ਕੀਤੇ ਜਾਂਦੇਸਨ। 1822 ਈ. ਵਿਚ ਰਣਜੀਤ ਸਿੰਘ ਦੁਆਰਾ ਨਿਯੁਕਤ ਕੀਤੇ ਫਰਾਂਸੀਸੀ ਜਰਨੈਲ ਐਲਾਰਡ ਅਧੀਨ ਇਸ ਫੌਜ ਨੂੰ ਬੇਹਤਰੀਨ ਕਿਸਮ ਦੀ ਸਿਖਲਾਈ ਪ੍ਰਦਾਨ ਕੀਤੀ ਗਈ ਸੀ। ਇਸ ਵੱਲ ਰਣਜੀਤ ਸਿੰਘ ਨੇ ਆਪ ਬਹੁਤ ਧਿਆਨ ਦਿੱਤਾ ਸੀ ਲਗਭਗ ਹਰ ਰੋਜ਼ ਹੀ ਉਹ ਇਨ੍ਹਾਂ ਦੀ ਸਿਖਲਾਈ ਨੂੰ ਆਪ ਵੇਖਦਾ ਸੀ। ਚੰਗੇ ਕਰਤੱਵ ਵਿਖਾਉਣ ਵਾਲਿਆਂ ਨੂੰ ਇਨਾਮ ਵੰਡਦਾ ਸੀ। ਫੌਜ ਦੇ ਇਸ ਹਿੱਸੇ ਲਈ ਆਦਮੀ ਖਾਸ ਤੌਰ ਤੇ ਚੁਣੇ ਜਾਂਦੇ ਸਨ ਅਤੇ ਬੇਹਤਰੀਨ ਨਸਲ ਦੇ ਘੋੜੇ ਲੱਭ ਕੇ ਅਤੇ ਚੁਣ ਕੇ ਵਰਤੇ ਜਾਂਦੇ ਸਨ।

3.2.2 ਘੋੜ ਚੜ੍ਹੇ ਫੌਜ: ਕਰੜੇ ਨਿਯਮਤ ਜੀਵਨ ਅਤੇ ਅਨੁਸ਼ਾਸਨ ਤੋਂ ਬਾਹਰ ਖਾਲਸਾ ਫੌਜ ਦੀਆਂ ਪੁਰਾਣੀਆਂ ਲੀਹਾਂ ਤੇ ਚਲ ਰਹੇ ਘੋੜਸਵਾਰ ਨੂੰ ਇਹ ਨਾਮ ਦਿੱਤਾ ਗਿਆ ਸੀ। ਉਹ ਜੰਗ ਦੇ ਯੂਰਪੀ ਢੰਗ ਤਰੀਕਿਆਂ ਤੋਂ ਬਹੁਤਾ ਜਾਣੂ ਨਹੀਂ ਸਨ ਅਤੇ ਜਥੇਬੰਦਕ ਪ੍ਰਸਿੱਧ ਸਨ। ਘੋੜੇ ਚੜ੍ਹੇ ਫੌਜ ਨੂੰ ਦੋ ਹਿੱਸਿਆ ਵਿਚ ਅਗਾਂਹ ਵੰਡਿਆ ਗਿਆ ਸੀ। ਸਿੱਧੇ ਰਾਜਿਆਂ ਵਿਚ ਤਿਆਰ ਕੀਤੀ ਗਈ ਇਕੋ ਇਕ ਰੈਜਮੈਂਟ ਨੂੰ ਘੋੜਚੜ੍ਹਾ ਖਾਸ ਆਖਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿਨ੍ਹਾਂ ਸਰਦਾਰਾਂ ਨੂੰ ਹਰਾ ਦਿੱਤਾ ਗਿਆ ਸੀ ਅਤੇ ਜਿਹੜੇ ਆਪਣੇ ਅਖਤਿਆਰ ਹੇਠਲਾ ਖੇਤਰ ਖੋਹ ਬੈਠੇ ਸਨ, ਉਨਾਂ ਮਿਸਲਾਂ ਵਿਚੋਂ ਇਕੱਤਰ ਕੀਤੇ ਗਏ ਸਵਾਰਾਂ ਨੂੰ ਮਿਸਲਦਾਰ ਸਵਾਰ ਆਖਿਆ ਜਾਂਦਾ ਸੀ। ਇਸ ਅਨਿਯਮਤ ਘੋੜਸਵਾਰ ਫੌਜ ਦਾ ਸਭ ਤੋਂ ਵੱਡਾ ਅਫਸਰ ਕੋਈ ਵੀ ਨਹੀਂ ਹੁੰਦੀ ਸੀ। ਹਰੇਕ ਸਰਦਾਰ ਕੋਲ ਆਪਣੀ ਜਗੀਰ ਹੁੰਦੀ ਸੀ।

3.3 ਜਗੀਰਦਾਰੀ ਫੌਜ: ਇਹ ਉਹ ਘੋੜਸਵਾਰਾਂ ਦੀ ਫ਼ੌਜ ਸੀ ਜਿਸ ਨੂੰ ਜਗੀਰਦਾਰ ਰੱਖਦੇ ਸਨ। ਇਸ ਲਈ ਚੰਗੇ ਅਮੀਰ ਘਰਾਣਿਆਂ ਦੇ ਆਦਮੀ ਅਤੇ ਉਹਨਾਂ ਦੇ ਰਿਸ਼ਤੇਦਾਰ ਸਨ। ਇਹਨਾਂ ਦੀ ਵਰਦੀ ਵੀ ਵੰਨਸੁਵੰਨੀ ਸੀ। ਉਹ ਸਾਰੇ ਆਪਣੀ ਪਿੱਠ ਮਗਰ ਜਾਨਵਰਾਂ ਦੀ ਮੋਟੀ ਚਮੜੀ ਦੀ ਬਣੀ ਢਾਲ ਪਹਿਨਦੇ ਸਨ। ਉਹਨਾਂ ਵਿਚ ਕਈ ਤਰ੍ਹਾਂ ਦੇ ਤੀਰ ਕਮਾਨ ਨਾਲ ਲੈਸ ਹੁੰਦੇ ਸਨ ਅਤੇ ਬਹੁਤਿਆਂ ਕੋਲ ਬੰਦੂਕਾਂ ਹੁੰਦੀਆ ਸਨ।

3.4 ਪੈਦਲ ਫੌਜ: ਖਾਲਸਾ ਫੌਜ ਸ਼ੁਰੂ ਤੋਂ ਹੀ ਘੋੜਸਵਾਰਾਂ ਦੀ ਫੌਜ ਸੀ। ਪਹਿਲਾਂ ਪੈਦਲ ਫੌਜ ਨੂੰ ਘਟੀਆ ਸਮਝਿਆ ਜਾਂਦਾ ਸੀ ਪਰ ਰਣਜੀਤ ਸਿੰਘ ਨੇ ਚੰਗੀਆਂ ਤਨਖਾਹਾਂ ਅਤੇ ਹਥਿਆਰ ਦੇ ਕੇ ਇਸ ਵਿਚ ਸ਼ਾਮਿਲ ਹੋਣ ਲਈ ਲੋਕਾਂ ਨੂੰ ਪਰੇਰਿਆ। ਪੈਦਲ ਫੌਜ ਵੀ ਨਿਯਮਤ ਪੈਦਲ ਫੌਜ ਅਤੇ ਅਨਿਯਮਤ ਪੈਦਲ ਫੌਜ ਵਿਚ ਵੰਡੀ ਹੋਈ ਸੀ। ਨਿਯਮਤ ਪੈਦਲ ਫੌਜ ਨੂੰ ਰੈਜਮੈਂਟਾਂ ਅਤੇ ਬਟਾਲੀਅਨਾਂ ਵਿਚ ਵੰਡਿਆ ਗਿਆ ਸੀ। ਦੋ ਬਟਾਲੀਅਨ ਦੀ ਇਕ ਰੈਂਜਮੈਂਟ ਬਣਦੀ ਸੀ। ਉਸ ਦੀ ਕਮਾਨ ਕਰਨਲ ਕੋਲ ਹੁੰਦੀ ਸੀ, ਕਰਨਲ ਥੱਲੇ ਬਟਾਲੀਅਨ ਕਮਾਂਡਰ ਅਤੇ ਐਡਜੁਟੈਂਟ ਹੁੰਦੇ ਸਨ। ਬਟਾਲੀਅਨ ਪ੍ਰਸ਼ਾਸਨਿਕ ਇਕਾਈ ਸੀ। ਹਰੇਕ ਬਟਾਲੀਅਨ 8

ਭਾਗਾਂ ਵਿਚ ਵੰਡੀ ਹੁੰਦੀ ਸੀ ਅਤੇ ਇਨ੍ਹਾਂ ਭਾਗਾਂ ਨੂੰ ਪਲਟੂਨ ਜਾਂ ਕੰਪਨੀਆਂ ਆਖਿਆ ਜਾਂਦਾ ਸੀ।ਹਰੇਕ ਕਮਾਂਡਰ ਆਪਣੀ ਬਟਾਲੀਅਨ ਦੀ ਸਿਖਲਾਈ ਅਤੇ ਪ੍ਰਸ਼ਾਸਨ ਦਾ ਜਵਾਬਦੇਹ ਹੁੰਦਾ ਸੀ। ਅਨਿਯਮਤ ਪੈਦਲ ਫੌਜ ਨੂੰ ਜੰਗ ਦੇ ਯੂਰਪੀ ਢੰਗ ਦੀ ਸਿਖਲਾਈ ਨਹੀਂ ਦਿੱਤੀ ਜਾਂਦੀ ਸੀ। ਉਹਨਾਂ ਵਿਚ ਪੁਰਾਣੀ ਰੀਤ ਅਨੁਸਾਰ ਚਲੇ ਆਉਂਦੇ ਉਹ ਅਕਾਲੀ ਵੀ ਸਨ ਜਿਹੜੇ ਦਲੇਰੀ ਲਈ ਮਸ਼ਹੂਰ ਰਹੇ ਸਨ।

3.5 ਫੌਜ-ਏ-ਕਿਲਾਜਾਤ:

ਇਹ ਫੌਜ ਕਿਲ੍ਹਿਆਂ ਦੀ ਰਾਖੀ ਲਈ ਰੱਖੀ ਜਾਂਦੀ ਸੀ। ਇਹਨਾਂ ਦਾ ਕੋਈ ਪ੍ਰਧਾਨ ਸੈਨਾਪਤੀ ਨਹੀਂ ਹੁੰਦਾ ਸੀ। ਅਟਕ, ਪਿਸ਼ਾਵਰ, ਮੁਲਤਾਨ ਅਤੇ ਕਾਂਗੜਾ ਦੇ ਯੁੱਧ ਨੀਤੀ ਦੇ ਹਿਸਾਬ ਤੋਂ ਮਹੱਤਵਪੂਰਨ ਕਿਲ੍ਹਿਆਂ ਵਿਚ ਭਾਰੀ ਗਿਣਤੀ ਵਿਚ ਫੌਜ ਰੱਖੀ ਜਾਂਦੀ ਸੀ। ਇਹਨਾਂ ਦੇ ਮੁੱਖੀ ਨੂੰ ਕਿਲ੍ਹੇਦਾਰ ਆਖਿਆ ਜਾਂਦਾ ਸੀ।

3.6 ਫੌਜ-ਏ-ਖਾਸ: ਵੈਨਤੂਰਾ ਦੀ ਕਮਾਨ ਹੇਠ 1822 ਈ. ਤੋਂ ਬਾਅਦ ਇਕ ਖਾਸ ਤੌਰ ਤੇ ਅਨੁਸ਼ਾਸਿਤ ਫੌਜ ਤਿਆਰ ਕੀਤੀ ਗਈ ਸੀ। ਇਸ ਨੂੰ ਫੌਜ-ਏ-ਖਾਸ ਆਖਿਆ ਜਾਂਦਾ ਸੀ। ਇਸ ਵਿਚ ਘੋੜਸਵਾਰਾਂ ਦੀਆਂ ਤਿੰਨ ਰੈਜਮੈਟਾਂ ਜਨਰਲ ਐਲਾਰਡ ਅਧੀਨ ਸਨ, ਪੈਦਲ ਫੌਜ ਦੀ ਕਮਾਨ ਜਨਰਲ ਵੈਨਤੂਰਾ ਸੰਭਾਲਦਾ ਸੀ। ਇਸ ਫੌਜ ਦੀ ਸਮੁੱਚੀ ਸਿਖਲਾਈ ਯੂਰਪੀ ਢੰਗ ਤੇ ਕੀਤੀ ਜਾਂਦੀ ਸੀ।

3.7 ਤੋਪਖਾਨਾ: ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਤੋਪਖਾਨੇ ਦਾ ਖਾਸ ਮਹੱਤਵ ਸੀ। ਖੁਦ ਮਹਾਰਾਜਾ ਤੋਪਾਂ ਵਿਚ ਗਹਿਰੀ ਦਿਲਚਸਪੀ ਰਖਦਾ ਸੀ। ਰਣਜੀਤ ਸਿੰਘ ਦੇ ਤੋਪਖਾਨੇ ਨੂੰ ਤਿੰਨ ਵਰਗਾਂ ਵਿਚ ਤੋਪਖਾਨਾ-ਏ-ਅਸਪੀ, ਤੋਪਖਾਨਾ-ਏ-ਜਿਨਸੀ ਅਤੇ ਤੋਪਖਾਨਾ-ਏ-ਸ਼ਤਰੀ ਵਿਚ ਵੰਡਿਆ ਗਿਆ ਸੀ। ਇਹ ਵੰਡ ਇਸ ਤਰ੍ਹਾਂ ਸੀ:-

3.7.1 ਤੋਪਖਾਨਾ-ਏ ਅਸਪੀ: ਇਸ ਵਿਚ ਘੋੜਿਆਂ ਨਾਲ ਖਿੱਚੀਆਂ ਜਾਣ ਵਾਲੀਆਂ ਤੋਪਾਂ ਹੁੰਦੀਆਂ ਸਨ ਅਤੇ ਇਹ ਹਲਕੀਆਂ ਤੋਪਾਂ ਸਨ। ਸਭ ਤੋਂ ਵਧੀਆ ਘੋੜੇ ਇਸ ਤੋਪਖਾਨੇ ਵਿਚ ਵਰਤੇ ਜਾਂਦੇ ਸਨ।

3.7.2 ਤੋਪਖਾਨਾ-ਏ-ਜਿਨਸੀ: ਇਹ ਇਕ ਵੱਖਰਾ ਤੋਪਖਾਨਾ ਸੀ ਜਿਸ ਨੂੰ ਰੈਜਮੈਂਟਾ ਵਿੱਚ ਵੰਡਿਆ ਗਿਆ ਸੀ ਅਤੇ ਇਹ ਤੋਪਖਾਨਾ ਸਨ। ਇਹਨਾਂ ਨੂੰ ਬਲਦਾਂ ਅਤੇ ਊਠਾਂ ਨਾਲ ਖਿਚਿਆ ਜਾਂਦਾ ਸੀ।

3.7.3 ਤੋਪਖਾਨਾ-ਏ-ਸ਼ਤਰੀ: ਇਹ ਬਹੁਤ ਛੋਟੀ ਨਾਲੀ ਵਾਲੀਆਂ ਤੋਪਾਂ ਹੁੰਦੀਆਂ ਸਨ। ਇਹਨਾਂ ਨੂੰ ਊਠਾਂ ਉਪਰ ਲੱਦਿਆ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਵੀ ਢੰਗ ਦੀ ਅੰਨ੍ਹੀ ਨਕਲ ਨਹੀਂ ਕੀਤੀ ਸੀ, ਸਗੋਂ ਉਸ ਨੇ ਆਪਣੀ ਫੌਜ ਨੂੰ ਨਵੀਆਂ ਜ਼ਰੂਰਤਾਂ ਅਨੁਸਾਰ ਸਫਲਤਾਪੂਰਣ ਢਾਲਿਆ ਸੀ।

3.8 ਅਨੁਸ਼ਾਸਨ: ਮਹਾਰਾਜਾ ਨੇ ਆਪਣੀ ਸੈਨਾ ਵਿਚ ਪੂਰਨ ਅਨੁਸ਼ਾਸਨ ਕਾਇਮ ਰੱਖਿਆ ਅਤੇ ਅਨੁਸ਼ਾਸਨ ਭੰਗ ਕਰਨ ਵਾਲਿਆਂ ਨੂੰ ਸ਼ਖ਼ਤ ਸਜਾਵਾਂ ਦਿੱਤੀਆਂ। ਭਾਵੇਂ ਸੁਭਾਵਿਕ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਕਦੇ ਵੀ ਸਖ਼ਤ ਸਜ਼ਾ ਦੇ ਹੱਕ ਵਿਚ ਨਹੀਂ ਸੀ ਹੁੰਦਾ ਪਰ ਜਿਥੇ ਸੈਨਿਕਾਂ ਵੱਲੋਂ ਅਨੁਸ਼ਾਸਨਹੀਣ ਕਾਰਵਾਈ ਉਸ ਦੇ ਰਾਜ ਪ੍ਰਬੰਧ ਉੱਤੇ ਅਸਰ ਪਾ ਸਕਦੀ ਸੀ ਉਥੇ ਮਹਾਰਾਜਾ ਸਖਤੀ ਵਰਤਣ ਤੋਂ ਵੀ ਨਹੀਂ ਝਿਜਕਦਾ ਸੀ। ਮਹਾਰਾਜਾ ਨੇ ਯੂਰਪੀਅਨ ਅਫਸਰ ਬਹੁਤ ਉੱਚੇ ਅਹੁਦਿਆਂ ਤੇ ਰੱਖੇ ਹੋਏ ਸਨ। ਪਰ ਕੁਝ ਅਣਖੀਲੇ ਅੰਗਰੇਜ਼ਾਂ ਅਧੀਨ ਨਹੀਂ ਰਹਿਣਾ ਚਾਹੁੰਦੇ ਸਨ। ਪਰ ਵਿਦੇਸ਼ੀ ਅਤੇ ਪੰਜਾਬੀ ਹਾਕਮਾਂ ਵਿਚ ਜਦੋਂ ਤਨਾਅ ਆ ਜਾਂਦਾ ਤਾਂ ਰਣਜੀਤ ਸਿੰਘ ਨੇ ਇਸ ਨੂੰ ਕਾਬੂ ਕਰ ਰੱਖਿਆ। ਹਰ ਯੂਨਿਟ ਵਿਚ ਅਫਸਰਾਂ ਦੀ ਇਕ ਕਮੇਟੀ ਅਨੁਸ਼ਾਸਨ ਤੇ ਨਜ਼ਰ ਰੱਖਦੀ ਸੀ। ਅਤੇ ਅਨੁਸ਼ਾਸਨ ਕਾਇਮ ਰੱਖਣ ਲਈ ਕਮਾਂਡਰ ਜਿੰਮੇਵਾਰ ਹੁੰਦਾ ਸੀ। ਯੂਨਿਟਾਂ ਦੇ ਕਮਾਨ ਅਫਸਰਾਂ ਨੂੰ ਸੈਨਿਕਾਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਯੋਗ ਸ਼ਿਕਾਇਤਾਂ ਨੂੰ ਦੂਰ ਕਰਨ ਦੇ ਅਧਿਕਾਰ ਮਿਲੇ ਹੁੰਦੇ ਸਨ ਅਤੇ ਕੇਵਲ ਗੰਭੀਰ ਮਸਲੇ ਹੀ ਮਹਾਰਾਜਾ ਦੇ ਦਰਬਾਰ ਵਿਚ ਪੇਸ਼ ਹੁੰਦੇ ਸਨ।ਯੂਨਿਟਾਂ ਦੇ ਕਮਾਂਡਰਾਂ ਵੱਲੋਂ ਅਨੁਸ਼ਾਸਨ ਸੰਬੰਧੀ ਹਰ ਰੋਜ਼ ਦਰਬਾਰ ਵਿਚ ਰਿਪੋਰਟ ਪੁੱਜਦੀ ਸੀ।

3.9 ਤਨਖਾਹ: ਜਗੀਰਦਾਰੀ ਪ੍ਰਣਾਲੀ ਤੋਂ ਇਲਾਵਾ ਸੈਨਿਕਾਂ ਦੀ ਅਦਾਇਗੀ ਦੇ ਤਿੰਨ ਹੋਰ ਢੰਗ ਤਰੀਕੇ ਵੀ ਸਨ ਜਿਨ੍ਹਾਂ ਦੁਆਰਾ ਉਨਾਂ ਮਾਹਦਾਰੀ ਪ੍ਰਣਾਲੀ ਅਨੁਸਾਰ ਕਰਮਚਾਰੀ ਜਾਂ ਸੈਨਿਕ ਦੀ ਮਹੀਨੇਵਾਰੀ ਤਨਖਾਹ ਨਿਰਧਾਰਤਿ ਕੀਤੀ ਜਾਂਦੀ ਸੀ। ਇਸ ਦਾ ਇਹ ਮਤਲਬ ਨਹੀਂ ਸੀ ਕਿ ਸੈਨਿਕਾਂ ਨੂੰ ਜ਼ਰੂਰ ਹੀ ਹਰ ਮਹੀਨੇ ਤਨਖਾਹ ਮਿਲਦੀ ਹੋਵੇ ਪਰ ਜਦ ਵੀ ਮਿਲਦੀ ਸੀ ਮਹੀਨੇਵਾਰੀ ਦੇ ਆਧਾਰ ਤੇ ਮਿਲਦੀ ਸੀ। ਫਸਲਦਾਰੀ ਅਨੁਸਾਰ ਫਸਲਾਂ ਦੇ ਸਮੇਂ ਭਾਵ ਸਾਲ ਵਿਚ ਦੋ ਵਾਰ ਤਨਖਾਹ ਦਿੱਤੀ ਜਾਂਦੀ ਸੀ। ਰੋਜ਼ੀਨਾਦਾਰੀ ਪ੍ਰਣਾਲੀ ਅਨੁਸਾਰ ਕਰਮਚਾਰੀ ਨੂੰ ਦਿਨ ਦੇ ਆਧਾਰ ਤੇ ਤਨਖਾਹ ਦਿੱਤੀ ਜਾਂਦੀ ਸੀ। ਆਮ ਤੌਰ ਤੇ ਫੌਜਾਂ ਦੀ ਕੁਝ ਤਨਖਾਹ ਦਬਾ ਕੇ ਰੱਖੀ ਜਾਂਦੀ ਸੀ। ਕਈ ਵਾਰ ਸਾਲ ਛੇ ਮਹੀਨੇ ਦੀ ਤਨਖਾਹ ਸਰਕਾਰ ਵੱਲ ਬਕਾਇਆ ਹੁੰਦੀ ਸੀ। ਅਜਿਹਾ ਅਨੁਸ਼ਾਸਨ ਕਾਇਮ ਰੱਖਣ ਲਈ ਕੀਤਾ ਜਾਂਦਾ ਸੀ।

4. ਲੜਾਈ ਵਿਚ ਵਰਤੇ ਜਾਣ ਵਾਲੇ ਦਾਅ-ਪੇਚ :

ਪਹਿਲਾਂ ਪਹਿਲਾਂ ਸਿੱਖ ਸੈਨਿਕਾਂ ਨੂੰ ਯੁੱਧ ਕਲਾ ਦੀ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ ਸੀ, ਨਾ ਹੀ ਕਿਸੇ ਕਿਸਮ ਦੀ ਕੋਈ ਪਰੇਡ ਆਦਿ ਕਰਵਾਈ ਜਾਂਦੀ ਸੀ। ਜਿਸ ਕਰਕੇ ਫੌਜ ਵਿਚ ਅਨੁਸ਼ਾਸਨ ਦੀ ਬਹੁਤ ਘਾਟ ਹੁੰਦੀ ਸੀ। ਸਿਰਫ ਫੌਜੀਆਂ ਵਿਚ ਖਾਸ ਗੁਣ ਇਹ ਹੁੰਦਾ ਸੀ ਕਿ ਉਹ ਧਾਰਮਿਕ ਉਤਸ਼ਾਹ ਨਾਲ ਲੜਦੇ ਸਨ। ਸਭ ਤੋਂ ਵੱਡੀ ਤਰੁੱਟੀ ਮਿਸਲਦਾਰ ਸਮੇਂ ਇਹ ਸੀ ਕਿ ਉਹ ਆਪਸ ਵਿੱਚ ਜ਼ਿਆਦਾ ਹੀ ਲੜਦੇ ਸਨ।

ਸਿੱਖ ਫੌਜੀਆਂ ਕੋਲ ਸਾਧਨਾਂ ਦੀ ਕਮੀ ਹੋਣ ਕਾਰਣ ਉਹ ਜੰਗ ਦੇ ਮੈਦਾਨ ਵਿਚ ਡੱਟ ਕੇ ਦੁਸ਼ਮਣ ਦਾ ਘੱਟ ਹੀ ਮੁਕਾਬਲਾ ਕਰਦੇ ਸਨ, ਸਗੋਂ ਖੁੱਲ੍ਹੇ ਮੈਦਾਨ ਵਿਚ ਜੰਮ ਕੇ ਲੜਨ ਦੀ ਥਾਂ ਗੁਰੀਲਾ ਯੁੱਧ ਪ੍ਰਣਾਲੀ ਅਪਣਾਉਂਦੇ ਸਨ। ਉਹ ਮੌਕੇ ਦੀ ਤਲਾਸ਼ ਵਿਚ ਰਹਿੰਦੇ ਸਨ ਅਤੇ ਮੌਕਾ ਪਾ ਕੇ ਦੁਸ਼ਮਣ ਉੱਤੇ ਟੁੱਟ ਪੈਂਦੇ ਸਨ ਅਤੇ ਜਦੋਂ ਦੁਸ਼ਮਣ ਦੀ ਸੈਨਾ ਉਨਾਂ ਵਿਰੁੱਧ ਅੱਗੇ ਵੱਧਦੀ ਤਾਂ ਉਹ ਪਹਾੜਾਂ ਜਾਂ ਜੰਗਲਾਂ ਵਿਚ ਭੱਜ ਜਾਂਦੇ ਸਨ। ਸਿੱਖ ਫੌਜੀ ਜ਼ਿਆਦਾ ਕਰਕੇ ਰਾਤ ਸਮੇਂ ਹਮਲਾ ਕਰਦੇ ਸਨ ਅਤੇ ਦੁਸ਼ਮਣਾਂ ਨੂੰ ਪਹੁੰਚਣ ਵਾਲੀ ਸਪਲਾਈ ਵਿਚ ਰੁਕਾਵਟ ਪਾਉਂਦੇ ਸਨ।

ਸਿੱਖ ਫੌਜੀਆਂ ਦੇ ਲੜਨ ਦੇ ਢੰਗ ਬਹੁਤ ਦਿਲਚਸਪ ਸਨ। ਉਹ ਜੰਗ ਦੇ ਮੈਦਾਨ ਵਿਚ ਇਕ ਥਾਂ ਤੇ ਖੜ੍ਹ ਕੇ ਸਥਿਰ ਲੜਾਈ ਨਹੀਂ ਕਰਦੇ ਸਨ। ਸਗੋਂ ਟੋਲੀਆਂ ਬਣਾ ਕੇ ਦੁਸ਼ਮਣ ਤੇ ਅਚਾਨਕ ਹਮਲਾ ਕਰਦੇ ਸਨ ਤੇ ਫਿਰ ਪਿੱਛੇ ਹੱਟ ਜਾਂਦੇ, ਇਹ ਇਸ ਤਰ੍ਹਾਂ ਦੀ ਕਾਰਵਾਈ ਦਰਸਾਉਂਦੇ, ਜਿਸ ਨਾਲ ਦੁਸ਼ਮਣ ਬੌਖਲਾ ਜਾਂਦਾ, ਉਸ ਦੇ ਹੌਸਲੇ ਟੁੱਟ ਜਾਂਦੇ। ਕਈ ਵਾਰ ਸਿੱਖ ਦੁਸ਼ਮਣ ਨਾਲ ਯੁੱਧ ਦੇ ਮੈਦਾਨ ਵਿਚ ਕਾਫ਼ੀ ਸਮੇਂ ਤੱਕ ਲੜੀ ਜਾਂਦੇ ਅਤੇ ਫਿਰ ਅਚਾਨਕ ਤੇਜ਼ੀ ਨਾਲ ਪਿੱਛੇ ਹੱਟ ਜਾਂਦੇ। ਇਸ ਤਰ੍ਹਾਂ ਦੁਸ਼ਮਣ ਸੋਚਦਾ ਕਿ ਸਿੱਖ ਹਾਰ ਕੇ ਪਿਛੇ ਹੱਟ ਗਏ, ਉਹ ਭੱਜਦੇ ਹੋਏ ਸਿੱਖਾਂ ਦਾ ਪਿੱਛਾ ਕਰਕੇ ਜਦ ਦੂਰ ਤੱਕ ਦੁਸ਼ਮਣ ਦਾ ਪਿੱਛਾ ਕਰਦੇ ਤਾਂ ਸਿੱਖ ਇਕ ਦਮ ਰੁਕ ਜਾਂਦੇ ਅਤੇ ਫਿਰ ਦੁਸ਼ਮਣ ਉੱਤੇ ਹਮਲਾ ਕਰ ਦਿੰਦੇ।

ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਪਹਿਲ ਲੜਾਈ ਦਾ ਪੁਰਾਣਾ ਢੰਗ ਵੀ ਅਪਣਾਇਆ ਪਰ ਬਾਅਦ ਵਿਚ ਰਣਜੀਤ ਸਿੰਘ ਨੇ ਅੰਗਰੇਜ਼ਾਂ ਨੂੰ ਵੇਖ ਕੇ ਲੜਾਈ ਦੇ ਦਾਅ ਪੇਚਾਂ ਵਿਚ ਬਹੁਤ ਤਬਦੀਲੀ ਕੀਤੀ। ਘੋੜਸਵਾਰ ਫੌਜ ਦੇ ਨਾਲ ਨਾਲ ਪੈਦਲ ਫੌਜ ਅਤੇ ਤੋਪਖਾਨੇ ਦੀ ਵਰਤੋਂ ਵਿਚ ਵੀ ਵਾਧਾ ਕੀਤਾ ਗਿਆ।

ਸਾਰ:-

ਮਹਾਰਾਜਾ ਰਣਜੀਤ ਸਿੰਘ ਭਾਰਤ ਦੇ ਸੈਨਿਕ ਇਤਿਹਾਸ ਵਿਚ ਵਿਸ਼ੇਸ਼ ਜਗ੍ਹਾ ਰੱਖਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਫੌਜ ਨੂੰ ਬਹੁਤ ਮਜ਼ਬੂਤ ਤਰੀਕੇ ਨਾਲ ਸੰਗਠਿਤ ਕਰਕੇ ਭਾਰਤ ਦੇ ਫੌਜੀ ਇਤਿਹਾਸ ਵਿਚ ਇਕ ਨਵਾਂ ਅਧਿਆਏ ਸ਼ੁਰੂ ਕੀਤਾ। ਰਣਜੀਤ ਸਿੰਘ ਨੇ ਆਪਣੀ ਵਿਅਕਤਗਤ ਫੌਜੀ ਸਿਆਣਪ ਨਾਲ ਸਿੱਖ ਹਕੂਮਤ ਕਾਇਮ ਕਰ ਦਿੱਤੀ ਸੀ। ਇਹ ਰਣਜੀਤ ਸਿੰਘ ਸੀ ਜਿਸ ਨੇ ਜਰਮਨ ਦੇ ਬਿਸਮਾਰਕ ਵਾਂਗ ਉੱਚ ਕੋਟੀ ਦੀ ਰਾਜਨੀਤਿਕ ਅਗਵਾਈ ਦਿੱਤੀ ਸੀ। ਫੌਜ ਦੇ ਸੰਗਠਨ ਨੂੰ ਮਜਬੂਤ, ਚੰਗਾ ਅਤੇ ਸਮੇ ਅਨੁਸਾਰ ਬਨਾਉਣ ਵਾਸਤੇ ਰਣਜੀਤ ਸਿੰਘ ਨੇ ਬਹਾਦਰ, ਨਿਡਰ ਅਤੇ ਇਕ ਸੂਝਵਾਨ ਸੈਨਾਪਤੀ ਵਾਂਗ ਕੰਮ ਕੀਤਾ। ਫੌਜ ਨੂੰ ਯੂਰਪ ਦੇ ਤਰੀਕੇ ਨਾਲ ਸੰਗਠਿਤ ਕਰਕੇ ਇਕ ਵੱਡੇ ਰਾਜ ਦੇ ਨੀਹ ਹੀ ਰੱਖੀ ਸਗੋਂ ਅੰਗਰੇਜ਼ ਜਿਹਨਾਂ ਦੇ ਰਾਜ ਵਿਚ ਸੂਰਜ ਨਹੀਂ ਛਿਪਦਾ ਸੀ ਉਹ ਵੀ ਇਸ ਯੋਧੇ ਤੋਂ ਭੈ ਖਾਣ ਲਗ ਪਏ। ਉੱਤਰ ਪੱਛਮ ਵੱਲੋਂ ਭਾਰਤ ਦੇ ਹਮੇਸ਼ਾਂ ਹੀ ਹਮਲੇ ਹੁੰਦੇ ਰਹਿੰਦੇ ਸਨ, ਪਰ ਰਣਜੀਤ ਸਿੰਘ ਦੇ ਰਾਜ ਸਮੇਂ ਉੱਤਰ-ਪੱਛਮ ਦੇ ਹਮਲਾਵਰਾਂ ਨੂੰ ਮੂੰਹ ਦੀ ਖਾਣੀ ਪਈ ਅਤੇ ਇਸ ਰਸਤੇ ਹਮੇਸ਼ਾਂ ਵਾਸਤੇ ਬੰਦ ਕਰ ਦਿੱਤੇ।

ਹੋਰ ਪੜ੍ਹਨ ਯੋਗ ਪੁਸਤਕਾਂ

1. B.K. Majumdar : Military System of Sikhs
2. Fauja Singh Bajwa : Military System of the Sikhs

ਅਸਾਈ ਦੀ ਲੜਾਈ (1803 ਈ.)
(Battle of Assaye)

ਪਾਠ ਦੀ ਰੂਪ-ਰੇਖਾ

1. ਜਾਣ-ਪਛਾਣ
2. ਬੈਸੀਨ ਦੀ ਸੰਧੀ
3. ਫੌਜਾਂ ਵੱਲ਼ ਕੂਚ
4. ਫੌਜਾਂ ਦੀ ਮ਼ਰਚਾਬੰਦੀ
5. ਲੜਾਈ ਦਾ ਹਾਲ
6. ਮਰਹੱਟਿਆਂ ਦੀ ਹਾਰ ਦੇ ਕਾਰਣ
7. ਵਰਤੇ ਗਏ ਯੁੱਧ ਦੇ ਸਿਧਾਂਤ
8. ਅਭਿਆਸ ਲਈ ਪ੍ਰਸ਼ਨ

1. ਜਾਣ-ਪਛਾਣ

ਮਾਧਵ ਜੀ ਰਾਓ ਸਿੰਧੀਆ ਦੀ 12 ਫਰਵਰੀ, 1774 ਵਿਚ ਪੂਨਾ ਵਿਖੇ ਮੌਤ ਹੋ ਜਾਣ ਨਾਲ ਹੀ ਮਰਾਠਿਆਂ ਦੁਆਰਾ ਬਦੇਸ਼ੀ ਹਮਲਾਵਰਾਂ ਖਿਲਾਫ ਇਕੱਠੀ ਜੰਗ ਲੜਨ ਦੀ ਸੰਭਾਵਨਾ ਦਾ ਵੀ ਅੰਤ ਹੋ ਗਿਆ ਸੀ। ਮਾਧਵ ਜੀ ਸਿੰਧੀਆਂ ਨੇ ਆਪਣੀ ਉਮਰ ਦੇ 57 ਵਰ੍ਹੇ ਮਰਹੱਠਾ ਰਾਜ ਦੀ ਸੇਵਾ ਵਿਚ ਕੁਝ ਇਸ ਤਰ੍ਹਾਂ ਬਤੀਤ ਕੀਤੇ ਸਨ ਕਿ ਉਸ ਦਾ ਨਾਮ ਸ਼ਿਵਾ ਜੀ ਅਤੇ ਬਾਜੀ ਰਾਓ ਨਾਲ ਲਿਆ ਜਾਣ ਲੱਗਾ ਸੀ। ਮੁਸਲਮਾਨ ਅਤੇ ਹਿੰਦੂ ਦੋਨੋਂ ਹੀ ਉਸ ਦੀ ਕਦਰ ਕਰਦੇ ਸਨ ਤੇ ਜਾਤੀ ਅਤੇ ਧਾਰਮਿਕ ਭਾਵਨਾਵਾਂ ਤੋਂ ਗੈਰ-ਵਾਜਿਬ ਝੁਕਾਅ ਤੋਂ ਉਸ ਦਾ ਸੁਭਾਅ ਮੁਕਤ ਸੀ। ਮਾਧਵ ਜੀ ਸਿਧੀਆਂ ਦੀ ਮਿਰਤੂ ਨਾਲ ਮਰਹੱਟਿਆਂ ਨੇ ਆਪਣਾ ਸਭ ਤੋਂ ਯੋਗ ਸੂਰਬੀਰ ਅਤੇ ਭਵਿੱਖ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਨ ਵਾਲਾ ਰਾਜ ਨੇਤਾ ਗੁਆ ਲਿਆ ਸੀ। ਆਪਣੀ ਜ਼ਿੰਦਗੀ ਵਿਚ ਉਸ ਦੇ ਦੋ ਨਿਸ਼ਾਨੇ ਰਹੇ ਸਨ, ਆਪਣਾ ਰਾਜ ਸਥਾਪਤ ਕਰਨਾ ਅਤੇ ਸਾਮਰਾਜ ਲਈ ਅੰਗਰੇਜ਼ਾਂ ਖਿਲਾਫ ਜੰਗ ਲਈ ਤਿਆਰੀ ਕਰਨਾ। ਇਹ ਕਿਹਾ ਜਾ ਸਕਦਾ ਹੈ ਕਿ ਉਹ ਦੋਨਾਂ ਨਿਸ਼ਾਨਿਆਂ ਵਿਚ ਹੀ ਕਾਮਯਾਬ ਰਿਹਾ ਸੀ। ਜੇਕਰ ਉਸ ਦੀ ਮੌਤ ਤੋਂ ਬਾਅਦ ਉਸ ਦੀ ਫੌਜ ਨੂੰ ਵੈਲਸਲੇ ਨੇ ਤਬਾਹ ਕੀਤਾ ਤਾਂ ਇਸ ਦਾ ਕਾਰਨ ਸਿੰਧੀਆ ਦੀ ਗੈਰ-ਹਾਜ਼ਰੀ ਸੀ। ਜੇਕਰ ਉਹ ਜਿਉਂਦਾ ਹੁੰਦਾ ਤਾਂ ਉਸ ਨੇ ਟੀਪੂ ਦੇ ਘੋੜਸਵਾਰ ਅਤੇ ਫ਼ਰਾਂਸੀਸੀ ਟੁਕੜੀ, ਨਿਜ਼ਾਮ ਦਾ ਸ਼ਕਤੀਸ਼ਾਲੀ ਤੋਪਖਾਨਾ, ਰਾਜਪੂਤਾਂ ਦੀ ਸਮੁੱਚੀ ਫੌਜ, ਪੂਨਾ, ਇੰਦੌਰ, ਬੜੌਦਾ ਅਤੇ ਨਾਗਪੁਰ ਹਰ ਪਾਸੇ ਤੋਂ ਹਰ ਸੰਭਵ ਸਹਾਇਤਾ ਪ੍ਰਾਪਤ ਕਰ ਲੈਣੀ ਸੀ। ਭਾਵੇਂ ਕਿ ਮਾਧਵ ਜੀ ਸਿੰਧੀਆ ਅੰਤਮ ਨਿਸ਼ਾਨਾ ਨਾ ਵੀ ਪ੍ਰਾਪਤ ਕਰ ਪਾਉਂਦਾ ਪਰ ਬਰਤਾਨਵੀ ਫੌਜਾਂ ਅਤੇ ਏਕਤਾ ਬੱਧ ਭਾਰਤ ਦਰਮਿਆਨ ਲੜਾਈ ਜ਼ਰੂਰੀ ਲੜੀ ਜਾਂਦੀ। ਮਾਧਵ ਜੀ ਨੂੰ ਅੰਗਰੇਜ਼ਾਂ ਨਾਲ ਹੋਣ ਵਾਲੀ ਅਟਲ ਲੜਾਈ ਦਾ ਬਹੁਤ ਦੇਰ ਪਹਿਲਾਂ ਹੀ ਅਹਿਸਾਸ ਹੋ ਗਿਆ ਸੀ। ਇਸ ਲਈ ਉਨ੍ਹਾਂ ਭਾਰਤੀ ਰਾਜਿਆਂ ਦਰਮਿਆਨ ਏਕਤਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਉਸ ਦੀ ਆਪਣੀ ਫ਼ੌਜ ਵਿਚ ਵੀ 200 ਦੇ ਕਰੀਬ ਯੂਰਪੀ ਅਫਸਰ ਸਨ। ਪਰ ਜਿਸ ਤਰ੍ਹਾਂ ਕਿ ਸਮੇਂ ਨੂੰ ਮਨਜੂਰ ਸੀ ਉਸ ਦੀਆਂ ਲੰਮੇ ਸਮੇਂ ਤੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਕੋਈ ਕਾਮਯਾਬੀ ਨਾ ਮਿਲੀ ਅਤੇ ਆਪਣੇ ਮੰਤਵ ਦੀ ਪ੍ਰਾਪਤੀ ਤੋਂ ਪਹਿਲਾਂ ਹੀ ਉਸ ਨੂੰ ਬਿਮਾਰੀ ਨੇ ਆ ਘੇਰਿਆ। ਜਿਸ ਨਾਲ ਉਸ ਦੀ ਮੌਤ ਹੋ ਗਈ।

ਉਸ ਦੀ ਮੌਤ ਤੋਂ ਬਾਅਦ ਹਕੂਮਤ ਦੀ ਵਾਗਡੋਰ ਮਾਧਵ ਜੀ ਸਿੰਧੀਆ ਨੇ ਮੁਤਬੰਨੇ ਪੁੱਤਰ ਦੌਲਤ ਰਾਓ ਸਿੰਧੀਆ ਦੇ ਹੱਥਾਂ ਵਿਚ ਆ ਗਈ। ਜਿਹੜਾ ਕਿ ਉਸ ਸਮੇਂ ਸਿਰਫ 14 ਸਾਲਾਂ ਦਾ ਸੀ। ਉਸ ਨਾਜ਼ਕ ਸਮੇਂ ਵਿਚ ਜਦ ਅੰਗਰੇਜ਼ ਮਰਹੱਟਿਆਂ ਦੇ ਰਾਜ ਨੂੰ ਹੜਪ ਲੈਣ ਲਈ ਮੂੰਹ ਖੋਲ੍ਹੀ ਖੜੇ ਸਨ, ਉਸ ਦੀ ਹਾਲਤ ਹੋਰ ਵੀ ਤਰਸਯੋਗ ਸੀ। ਮਾਧਵ ਜੀ ਸਿੰਧੀਆ ਦੁਆਰਾ ਛੱਡੇ ਗਏ ਮਹਾਨ ਕਾਰਜ ਨੂੰ ਅਗਾਂਹ ਲੈ ਜਾਣਾ ਦੌਲਤ ਰਾਓ ਦੇ ਵਸ ਦਾ ਕੰਮ ਨਹੀਂ ਸੀ। ਉਹ ਸੁਭਾਅ ਦਾ ਅੜਬ ਸੀ ਜਦੋਂ ਕਿ ਹਾਲਾਤ ਉਸ ਤੋਂ ਕਿਤੇ ਵਧੇਰੇ ਲੱਚਕ ਰੱਖਣ ਦੀ ਮੰਗ ਕਰ ਰਹੇ ਸਨ। ਇਸ ਸਮੇਂ 30 ਅਕਤੂਬਰ, 1795 ਵਿਚ ਪੇਸ਼ਵਾ ਮਹਾਂ ਦੇਉ ਰਾਉ ਨਰਾਇਣ ਨੇ ਖੁਦਕਸ਼ੀ ਕਰ ਲਈ। ਹੋਰ ਕਾਰਨਾਂ ਦੇ ਨਾਲ-ਨਾਲ ਪੇਸ਼ਵਾ ਦੀ ਪਦਵੀ

ਵਾਸਤੇ ਵੀ ਅੰਦਰੂਨੀ ਸਾਜ਼ਸ਼ਾਂ ਹੋਣ ਲਗੀਆਂ। ਬਾਜੀ ਰਾਉ ਨੂੰ ਜਦੋਂ ਗੱਲ ਸਮਝ ਪਈ ਉਸ ਨੇ ਆਪ ਫੌਜ ਦੀ ਅਗਵਾਈ ਕੀਤੀ ਅਤੇ ਇੰਦੌਰ ਦੇ ਸਾਹਮਣੇ ਜਸਵੰਤ ਰਾਉ ਹੋਲਕਰ ਦੀ ਫੌਜ ਨੂੰ ਲੱਕ ਤੋੜਵੀਂ ਹਾਰ ਦਿੱਤੀ ਪਰ ਜਸਵੰਤ ਰਾਉ ਸਫਲ ਚਾਲ ਅਤੇ ਮੁਕੰਮਲ ਹਾਰ ਤੋਂ ਬਚ ਨਿਕਲਿਆ। ਉਸ ਨੇ 1802 ਵਿਚ ਸਿੰਧੀਆਂ ਦੀ ਫੌਜਾਂ ਨੂੰ ਮੁੜ ਪੂਨਾ ਨੇੜੇ ਹਰਾਇਆ।

2. ਬੈਸੀਨ ਦੀ ਸੰਧੀ :

ਇਸ ਹਾਰ ਦੇ ਭਿਆਨਕ ਸਿੱਟੇ ਨਿਕਲੇ। ਪੇਸ਼ਵਾ ਬਾਜੀ ਰਾਉ ਰਾਜਧਾਨੀ ਛੱਡ ਕੇ ਨੱਠ ਗਿਆ। ਉਸ ਨੇ ਉਸ ਸਮੇਂ ਉਜੈਨ ਸਿੰਘ ਬੈਠੇ ਦੌਲਤ ਰਾਉ ਨੂੰ ਉਸ ਦੀ ਮਦਦ ਤੋਂ ਆਉਣ ਲਈ ਬਾਰ ਬਾਰ ਸੁਨੇਹੇ ਭੇਜੇ ਪਰ ਦੌਲਤ ਰਾਉ ਕੋਈ ਫੈਸਲੇ ਨਾ ਕਰ ਸਕਿਆ ਹਾਲਾਂ ਕਿ ਜੇਕਰ ਉਹ ਆਪਣੀਆਂ ਫੌਜਾਂ ਲੈ ਕੇ ਚੜਾਈ ਕਰਦਾ ਤਾਂ ਉਸ ਨੂੰ ਉਹ ਕੁਝ ਮੁੜ ਪ੍ਰਾਪਤ ਹੋ ਜਾਂਦਾ ਜੋ ਕੁਝ ਉਹ ਗਵਾ ਚੁੱਕਾ ਸੀ। ਪਰ ਜੇ ਉਹ ਐਨਾ ਸਿਆਣਾ ਹੁੰਦਾ ਤਾਂ ਸਾਜ਼ਸ਼ਾਂ ਦਾ ਸ਼ਿਕਾਰ ਹੀ ਕਿਉਂ ਹੁੰਦਾ। ਇਸ ਸਮੇਂ ਪੇਸ਼ਵਾ ਨੇ ਅੰਗਰੇਜ਼ਾਂ ਨਾਲ ਸੰਧੀ ਕਰਨ ਵਾਲੀ ਰਹੀ ਹਰ ਭਾਰਤੀ ਪਾਰਟੀ ਦੀ ਤਰ੍ਹਾਂ ਹੀ ਮਰਹੱਟਿਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਅੰਗਰੇਜ਼ ਸੰਧੀਆਂ ਵਿਚ ਕੂਟਨੀਤਕ ਸਫਲਤਾ ਇਸ ਕਰਕੇ ਪ੍ਰਾਪਤ ਨਹੀਂ ਕਰਦੇ ਸਨ ਕਿ ਉਹ ਬੋਧਿਕ ਪੱਧਰ ਤੇ ਵਧੇਰੇ ਸੂਖਮ ਅਤੇ ਉਚੇ ਸਨ, ਜਿਵੇਂ ਕਿ ਉਨ੍ਹਾਂ ਦੇ ਕਈ ਇਤਿਹਾਸਕਾਰ ਅਤੇ ਦੂਸਰੇ ਲੇਖਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ, ਸਗੋਂ ਇਸ ਦਾ ਅਸਲ ਕਾਰਨ ਇਹ ਹੈ ਕਿ ਭਾਰਤੀ ਰਾਜਿਆਂ ਦੇ ਹਿੱਤ ਸੌੜੇ ਸਨ ਅਤੇ ਅੰਗਰੇਜ਼ਾਂ ਵਾਂਗ ਉਨ੍ਹਾਂ ਕੋਲ ਇਕਤ੍ਰਿਤ ਰਾਜਸੀ ਨਿਸ਼ਾਨ ਨਹੀਂ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਭਾਰਤੀ ਰਾਜੇ ਇਤਿਹਾਸ ਦੇ ਰੰਗਮੰਚ ਤੋਂ ਰਵਾਨਾ ਹੋ ਰਹੇ ਦੌਰ ਦੀਆਂ ਜ਼ਰੂਰਤਾਂ ਸੰਬੰਧੀ ਚਾਲਾਂ ਚਲਦੇ ਸਨ। ਉਹ ਇਕ ਉਭਰ ਰਹੇ ਨਵੇਂ ਸਮਾਜ ਤੇ ਉਨ੍ਹਾਂ ਦੇ ਸਮਾਜ ਤੋਂ ਵਿਸ਼ਾਲ ਪਰਿਪੇਖ ਦੇ ਹਿਸਾਬ ਨਾਲ ਪਛਾਣੇ ਜਾਂਦੇ ਸਨ।

ਬੈਸੀਨ ਦੀ ਸੰਧੀ ਵਿਚ ਹੋਰ ਮਦਾਂ ਤੋਂ ਛੁਟ ਇਕ ਪਾਰਟੀ ਦੇ ਵੈਰੀਆਂ ਅਤੇ ਦੋਸਤਾਂ ਨੂੰ ਦੂਸਰੀ ਪਾਰਟੀ ਦੁਆਰਾ ਵੀ ਵੈਰੀ ਅਤੇ ਦੋਸਤ ਸਮਝਣ, ਬਾਜੀ ਰਾਉ ਦੇ ਖੇਤਰ ਦੀ ਅੰਗਰੇਜ਼ਾਂ ਦੁਆਰਾ ਰੱਖਿਆ ਕਰਨਾ, ਬਾਜੀ ਰਾਉ ਕੋਲ ਅੰਗਰੇਜ਼ ਫੌਜ ਦਾ ਸਥਿਰ ਤੌਰ ਤੇ ਰਹਿਣਾ, ਬਰਤਾਨਵੀ ਸਰਕਾਰ ਦੀ ਸਲਾਹ ਬਗੈਰ ਪੇਸ਼ਵਾ ਦਾ ਕਿਸੇ ਉਪਰ ਵੀ ਹਮਲਾ ਨਾ ਕਰ ਸਕਣਾ, ਨਿਜ਼ਾਮ ਨਾਲ ਹੋਣ ਵਾਲੇ ਝਗੜੇ ਵਿਚ ਬਰਤਾਨਵੀ ਸਰਕਾਰ ਦੀ ਕਹਿਣੀ ਦਾ ਆਖਰੀ ਹੋਣਾ ਵਗੈਰਾ ਸ਼ਾਮਲ ਸੀ। ਇਸ ਸੰਧੀ ਨਾਲ ਮਰਹੱਟਿਆਂ ਦੇ ਸੰਯੁਕਤ ਦਲ ਦਾ ਸਦਾ ਲਈ ਭੋਗ ਪੈ ਗਿਆ।

ਹੁਣ ਜਦੋਂ ਦੌਲਤ ਰਾਉ ਸਿੰਧੀਆ ਨੂੰ ਸੰਧੀ ਬਾਰੇ ਅਤੇ ਸਮੁੱਚੀ ਹਾਲਤ ਦੀ ਪੂਰੀ ਸਮਝ ਆਈ ਤਾਂ ਬਹੁਤ ਦੇਰ ਹੋ ਚੁੱਕੀ ਸੀ। ਸਮਾਂ ਤਾਂ ਹੱਥੋਂ ਨਿਕਲ ਗਿਆ ਸੀ ਪਰ ਫਿਰ ਵੀ ਉਸ ਨੇ ਮਾਧਵ ਜੀ ਸਿੰਧੀਆ ਦੀ ਸਮੁੱਚੀ ਯੋਜਨਾ ਨੂੰ ਹੁਣ ਪਹਿਲੀ ਵਾਲੀ ਸਮਝਦਿਆਂ ਸਰਗਰਮੀ ਵਿਖਾਈ। ਉਸ ਨੇ ਕੁਝ ਤਕੋ ਤਕੀ ਤੋਂ ਬਾਅਦ ਸੰਧੀ ਦੇ ਰੱਖਿਅਤ ਭਾਗ ਲਈ ਪਾਰਟੀ ਬਣਨ ਦੀ ਦਾਅਵਤ ਨੂੰ ਠੁਕਰਾ ਦਿੱਤਾ ਅਤੇ ਉਸ ਤੋਂ ਬਾਅਦ ਉਸ ਨੇ ਮਰਹੱਟਿਆਂ ਵਿਚ ਏਕਤਾ ਕਾਇਮ ਕਰਨ ਲਈ ਜਦੋਂ ਜਹਿਦ ਕੀਤੀ ਪਰ ਉਸ ਨੂੰ ਦੇਰ ਹੋ ਚੁੱਕੀ ਸੀ। ਪੇਸ਼ਵਾ ਨੂੰ ਬਰਤਾਨਵੀਆਂ ਨੇ ਅਲੱਗ ਕਰ ਦਿੱਤਾ ਅਤੇ ਜਸਵੰਤ ਰਾਉ ਹੋਲਕਰ ਭਾਵੇਂ ਦੌਲਤ ਰਾਉ ਦੀ ਤਰ੍ਹਾਂ ਹੀ ਸਥਿਤੀ ਦੀ ਗੰਭੀਰਤਾ ਨੂੰ ਸਪਸ਼ਟਤਾ ਨਾਲ ਸਮਝ ਗਿਆ ਸੀ ਪਰ ਉਸ ਦੀ ਨੀਤੀ ਨਿੱਜੀ ਈਰਖਾ ਤੋਂ ਉਪਰ ਨਾ ਉਠ ਸਕੀ। ਉਸ ਦਾ ਖਿਆਲ ਸੀ ਕਿ ਦੌਲਤ ਰਾਉ ਅਤੇ ਬਰਤਾਨਵੀ ਫੌਜਾਂ ਦੀ ਲੜਾਈ ਲੰਬੀ ਹੋ ਜਾਵੇਗੀ ਅਤੇ ਅੰਤ ਨੂੰ ਦੋਨੋਂ, ਸ਼ਕਤੀਆਂ ਹੀ ਕਮਜ਼ੋਰ ਹੋ ਜਾਣਗੀਆਂ ਅਤੇ ਤਦ ਉਹ ਸਥਿਤੀ ਉਪਰ ਮੁਕੰਮਲ ਨਿਯੰਤਰਣ ਕਰ ਲਵੇਗਾ। ਪਰ ਦੌਲਤ ਰਾਓ ਬਰਾਰ ਦੇ ਰਾਜੇ ਰਘੂ ਜੀ ਭੋਂਸਲੇ ਨੂੰ ਆਪਣੇ ਨਾਲ ਸ਼ਾਮਿਲ ਕਰਨ ਵਿਚ ਸਫਲ ਰਿਹਾ। ਇਸ ਦਾ ਵੱਡਾ ਕਾਰਣ ਭੋਂਸਲੇ ਦੁਆਰਾ ਖਤਰਨਾਕ ਸਥਿਤੀ ਨੂੰ ਠੀਕ ਸਮਝ ਲੈਣਾ ਸੀ।

ਦੌਲਤ ਰਾਉ ਸਿੰਧੀਆਂ ਅਤੇ ਰਘੂ ਜੀ ਭੋਂਸਲੇ ਨੇ ਹੁਣ ਉਹ ਕੰਮ ਆਰੰਭ ਕੀਤਾ ਜਿਹੜਾ ਉਨ੍ਹਾਂ ਨੂੰ ਕਾਫੀ ਦੇਰ ਪਹਿਲਾਂ ਹੀ ਸ਼ੁਰੂ ਕਰ ਦੇਣਾ ਚਾਹੀਦਾ ਸੀ। ਅੰਗਰੇਜ਼ਾਂ ਨਾਲ ਹੋਣ ਵਾਲੀ ਅਟਲ ਜੰਗੀ ਲਈ ਭਾਵੇਂ ਉਨ੍ਹਾਂ ਨੇ ਆਪਣੀਆਂ ਜਾਇਜ਼ ਤਿਆਰੀਆਂ ਨੂੰ ਜਿਨਾਂ ਹੋ ਸਕਿਆ, ਗੁਪਤ ਰੱਖਿਆ ਹੋਇਆ ਸੀ। ਪਰ ਫਿਰ ਵੀ ਉਹ ਅੰਗਰੇਜ਼ਾਂ ਦੀਆਂ ਅੱਖਾਂ ਤੋਂ ਬਚ ਨਾ ਸਕਿਆ ਕਿਉਂਕਿ ਅੰਗਰੇਜ਼ ਹੁਣ ਤਕ ਜਿਹੜੀਆਂ ਚਾਲਾਂ ਚਲ ਚੁੱਕੇ ਸਨ, ਹਾਲਾਤ ਨੂੰ ਜਿਸ ਮੋੜ ਤਕ ਲੈ ਜਾ ਚੁੱਕੇ ਸਨ ਉਸ ਅਨੁਸਾਰ ਇਹ ਤਿਆਰੀਆਂ ਦੀ ਉਨ੍ਹਾਂ ਨੂੰ ਉਮੀਦ ਸੀ। ਇਕ ਤਰ੍ਹਾਂ ਨਾਲ ਅੰਗਰੇਜ਼ ਇਸ ਸ਼ਤਰੰਜੀ ਖੇਲ ਦੀਆਂ ਦੋਹਾਂ ਪਾਸਿਆਂ ਤੋਂ ਚਾਲਾਂ ਚਲ ਰਹੇ ਸਨ। ਵੱਡੀ ਗੱਲ ਇਹ ਸੀ ਕਿ ਤਿਆਰੀਆਂ ਨਾ ਵੀ ਕੀਤੀਆਂ ਜਾਂਦੀਆਂ ਤਦ ਵੀ ਅੰਗਰੇਜ਼ਾਂ ਦੀ ਲੁਟੇਰੀ ਨੀਯਤ ਨੇ ਕੋਈ ਬਹਾਨਾ ਲਭ ਹੀ ਲੈਣਾ ਸੀ। ਅੰਗਰੇਜ਼ ਜਾਣਦੇ ਸਨ ਕਿ ਉਨ੍ਹਾਂ ਦਰਮਿਆਨ ਦੇ ਖੇਤਰਾਂ ਦੀ ਵੰਡ ਦੇ ਝਗੜਿਆਂ ਨੂੰ ਵੱਧ ਤੋਂ ਵੱਧ ਕਿਸ ਤਰ੍ਹਾਂ ਵਰਤਿਆਂ ਜਾ ਸਕਦਾ ਸੀ। ਜਲਦ ਹੀ ਬਰਤਾਨਵੀਂ ਗਵਰਨਰ ਜਨਰਲ ਨੇ ਸਿੰਧੀਆ ਤੋਂ ਮੰਗ ਕੀਤੀ ਕਿ ਉਹ ਆਪਣੇ ਇਰਾਦੇ ਸਪਸ਼ਟ ਕਰੇ। ਉੱਤਰ ਵਿਚ ਦੌਲਤ ਰਾਉ ਨੇ ਆਖਿਆ ਕਿ ਜਵਾਬ ਦੇਣ

ਤੋਂ ਪਹਿਲਾਂ ਉਸ ਦਾ ਆਪਣੇ ਭਾਈਵਾਲ ਰਘੂ ਜੀ ਭੋਂਸਲੇ ਨਾਲ ਵਿਚਾਰ ਵਟਾਦਰਾ ਕਰਨਾ ਜ਼ਰੂਰੀ ਹੈ। ਦੌਲਤ ਰਾਉ ਆਪਣੀਆਂ ਫੌਜਾਂ ਲੈ ਕੇ ਨਿਜ਼ਾਮ ਦੇ ਖੇਤਰਾਂ ਦੀਆਂ ਪੱਛਮੀ ਹੱਦਾਂ ਤੇ ਜਾ ਪਹੁੰਚਿਆ ਜਿਥੇ ਭੋਂਸਲੇ ਦੀਆਂ ਫੌਜਾਂ ਪਹਿਲਾਂ ਹੀ ਮੌਜੂਦ ਸਨ।

ਦੌਲਤ ਰਾਉ ਸਿੰਧੀਆ ਅਤੇ ਰਘੂ ਜੀ ਭੋਂਸਲੇ ਦਰਮਿਆਨ ਲੰਬੀ ਗੱਲਬਾਤ ਦਾ ਸਿਲਸਿਲਾ ਚਲਿਆ। ਉਨ੍ਹਾਂ ਹੋਲਕਰ ਨੂੰ ਵੀ ਆਪਣੇ ਨਾਲ ਰਲਾਉਣਾ ਚਾਹਿਆ ਤਾਂ ਕਿ ਬਿਦੇਸ਼ੀ ਦੁਸ਼ਮਣ ਨੂੰ ਹਰਾਉਣ ਦੇ ਕੌਮੀ ਨਿਸ਼ਾਨੇ ਨੂੰ ਪ੍ਰਾਪਤ ਕੀਤਾ ਜਾ ਸਕੇ। ਜਿਸ ਦੀ ਸਪਸ਼ਟ ਸਮਝ ਉਨ੍ਹਾਂ ਨੂੰ ਖੁਦ ਵੀ ਪੱਛੜ ਕੇ ਆਈ ਸੀ। ਪਰ ਹੋਲਕਰ ਆਪਣੇ ਰਾਜ ਦੇ ਖੇਤਰਾਂ ਤੋਂ ਅਲੱਗ ਕੁਝ ਵੀ ਨਾ ਸੋਚ ਸਕਿਆ। ਉਹ ਦੋਹਾਂ ਧਿਰਾਂ ਨੂੰ ਲੜਾ ਕੇ ਕਮਜ਼ੋਰ ਕਰਨ ਦੀ ਆਪਣੀ ਖਾਸ ਖਿਆਲੀ ਤੇ ਅਧਾਰਿਤ ਰਾਜਨੀਤੀ ਤੇ ਹੀ ਚਲਦਾ ਰਿਹਾ। ਦੂਸਰੇ ਪਾਸੇ ਵੈਲਸਲੇ ਨੇ ਜਿਹੜਾ ਬੇਵਜਾ ਤੌਰ ਤੇ ਹੋਲਕਰ ਦੁਆਰਾ ਨਿਰਪੱਖ ਰਹਿਣ ਦੀ ਨੀਤੀ ਨੂੰ ਆਪਣੇ ਲਈ ਸਿੱਧਾ ਲਾਭ ਸਮਝ ਰਿਹਾ ਸੀ, ਨੇ ਅਜਿਹੀ ਕੋਈ ਕਾਰਵਾਈ ਨਾ ਕੀਤੀ, ਜਿਸ ਨਾਲ ਇਹ ਸਿੱਧ ਹੁੰਦਾ ਹੈ ਕਿ ਉਹ ਹੋਲਕਰ ਦਾ ਦੁਸ਼ਮਣ ਹੈ। ਉਸ ਨੇ ਹੋਲਕਰ ਨੂੰ ਅਲੱਗ ਕੱਢੀ ਰੱਖਿਆ। ਉਸ ਨੇ ਪੇਸ਼ਵਾ ਦੇ ਚਾਹੁਣ ਅਤੇ ਕਹਿਣ ਤੇ ਵੀ ਹੋਲਕਰ ਉਪਰ ਹਮਲਾ ਨਹੀਂ ਕੀਤਾ ਸੀ। ਇੰਜ ਕਰਨ ਨਾਲ ਵੈਲਸਲੇ ਹੋਲਕਰ ਨੂੰ ਪਾਸੇ ਰਹਿਣ ਦੀ ਨੀਤੀ ਉਪਰ ਚਲਦਾ ਰੱਖਣ ਵਿੱਚ ਸਫਲ ਰਿਹਾ ਸੀ। ਦੋਹਾਂ ਰਾਜਿਆਂ ਦਰਮਿਆਨ ਚਲ ਰਹੀ ਗਲ ਬਾਤ ਉਪਰ ਅੰਗਰੇਜ਼ਾਂ ਨੇ ਚੋਕਸੀ ਨਾਲ ਅੱਖ ਰੱਖੀ ਹੋਈ ਸੀ। ਅੰਗਰੇਜ਼ਾਂ ਦੁਆਰਾ ਭੇਜੇ ਗਏ ਸਨੇਹਿਆ ਦਾ ਜਵਾਬ ਮਰਹੱਟਿਆਂ ਨੇ ਟਾਲ ਮਟੋਲ ਵਿਚ ਹੀ ਦਿੱਤਾ। ਅੰਗਰੇਜ਼ਾਂ ਦੀ ਨਵੇਂ ਖੇਤਰਾਂ ਉਪਰ ਕਬਜ਼ਾ ਕਰ ਲੈਣ ਦੀ ਭਾਵਨਾ ਵਸੋਂ ਬਾਹਰ ਹੁੰਦੀ ਜਾ ਰਹੀ ਸੀ। ਹੁਣ ਉਹ ਹੋਰ ਸਬਰ ਨਹੀਂ ਕਰ ਸਕਦੇ ਸਨ।

ਜਨਰਲ ਵੈਲਸਲੇ ਨੇ ਆਖਰ ਤਜਵੀਜ ਰੱਖੀ ਕਿ ਸਾਰੀਆਂ ਫੌਜਾਂ ਨੂੰ ਆਪਣੇ ਖੇਤਰਾਂ ਵਿਚ ਚਲੇ ਜਾਣਾ ਚਾਹੀਦਾ ਹੈ। ਅਰਥਾਤ ਜੇ ਸਿੰਧੀਆ ਦੀਆਂ ਫੌਜਾਂ ਉਤਰ ਪੱਛਮੀ ਖੇਤਰਾਂ ਵਿਚ ਚਲੀਆਂ ਜਾਣ ਅਤੇ ਭੋਂਸਲੇ ਆਪਣੀਆਂ ਫੌਜਾਂ ਬੇਰਾਰ ਲੈ ਜਾਵੇ ਅਤੇ ਤਦ ਉਹ ਬਰਤਾਨਵੀ ਫੌਜਾਂ ਦੇ ਹਰ ਇਕ ਸਿਪਾਹੀ ਨੂੰ ਬਰਤਾਨਵੀਂ ਖੇਤਰਾਂ ਵਿਚ ਲੈ ਜਾਵੇਗਾ। ਇਹ ਇਕ ਅਜਿਹੀ ਤਜਵੀਜ਼ ਸੀ ਜਿਸ ਨੂੰ ਸਿੰਧੀਆ ਅਤੇ ਭੋਂਸਲੇ ਮੰਨ ਨਹੀਂ ਸਨ ਸਕਦੇ ਅਤੇ ਵੈਲਸਲੇ ਨੂੰ ਇਸ ਦਾ ਪਤਾ ਸੀ। ਸਿੰਧੀਆ ਅਤੇ ਭੋਂਸਲੇ ਨੇ ਤਜਵੀਜ ਰੱਦ ਕਰ ਦਿੱਤੀ। ਇਸ ਕਰਕੇ ਦੋਹਾਂ ਧਿਰਾਂ ਵਿਚ ਤਨਾਅ ਵਧ ਗਿਆ ਅਤੇ ਜੰਗ ਵਰਗੇ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ। ਸਿੰਧੀਆ ਅਤੇ ਭੋਂਸਲੇ ਕੋਲ ਲਗਭਗ ਇਕ ਲੱਖ ਪੈਦਲ ਸੈਨਿਕ ਸਨ, ਜਿਨ੍ਹਾਂ ਵਿਚ 10 ਹਜ਼ਾਰ ਦੇ ਕਰੀਬ ਸੈਨਿਕਾਂ ਨੇ ਯੂਰਪੀ ਢੰਗ ਨਾਲ ਸਿਖਲਾਈ ਦਿੱਤੀ ਗਈ ਸੀ। ਇਸ ਤੋਂ ਇਲਾਵਾ ਉਹਨਾਂ ਕੋਲ 30 ਹਜ਼ਾਰ ਘੋੜ ਸਵਾਰ ਸੈਨਾ ਸੀ।

ਫੌਜਾਂ ਵੱਲੋਂ ਕੂਚ:

ਜਦੋਂ ਦੌਲਤ ਰਾਉ ਸਿੰਧੀਆ ਅਤੇ ਰਘੂ ਜੀ ਭੋਂਸਲੇ ਨੇ ਜਨਰਲ ਵੈਲਸਲੇ ਦੀ ਪੇਸ਼ਕਸ਼ ਠੁਕਰਾ ਦਿੱਤੀ ਤਾਂ ਜਨਰਲ ਵੈਲਸਲੇ ਜੋ ਬਾਲਕੀ ਦੇ ਸਥਾਨ ਤੇ ਕੈਂਪ ਲਗਾਈ ਬੈਠਾ ਸੀ, 9 ਅਗਸਤ, 1803 ਨੂੰ ਆਪਣੀਆਂ ਫੌਜਾਂ ਲੈ ਕੇ ਅਹਿਮਦ ਨਗਰ ਵਲ ਨੂੰ ਚਲ ਪਿਆ। ਅਹਿਮਦ ਨਗਰ ਵਿਚ ਦੌਲਤ ਰਾਉ ਸਿੰਧੀਆ ਦੇ 5000 ਦੇ ਕਰੀਬ ਸੈਨਿਕ ਸਨ। ਇਸ ਲਈ ਜਨਰਲ ਵੈਲਸਲੇ ਅਹਿਮਦਨਗਰ ਦੀ ਚੌਂਕੀ ਉੱਤੇ ਕਬਜ਼ਾ ਕਰਨਾ ਚਾਹੁੰਦਾ ਸੀ। ਜਨਰਲ ਵੈਲਸਲੇ ਨੇ ਸਭ ਤੋਂ ਪਹਿਲਾਂ ਅਹਿਮਦਨਗਰ ਦੇ ਕਿਲ੍ਹੇ ਉਪਰ ਕਬਜ਼ਾ ਲਿਆ ਅਤੇ ਕਿਲ੍ਹੇ ਦੀ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਕਰਨ ਤੋਂ ਬਾਅਦ 18 ਅਗਸਤ, 1803 ਨੂੰ ਉਥੋਂ ਚਲ ਪਿਆ। ਉਹ 27 ਅਗਸਤ ਨੂੰ ਆਪਣੀ ਫੌਜ ਸਮੇਤ ਔਰੰਗਾਬਾਦ ਪਹੁੰਚ ਗਿਆ।

ਦੂਜੇ ਪਾਸੇ ਮਰਹੱਟਾ ਫੌਜ ਜਾਲਨਾ ਵਿਖੇ ਪਹੁੰਚ ਗਈ, ਇਸ ਲਈ ਵੈਲਸਲੇ ਨੂੰ ਆਪਣੀ ਸਪਲਾਈ ਵਿਚ ਰੁਕਾਵਟ ਪੈਣ ਦਾ ਡਰ ਪੈਦਾ ਹੋ ਗਿਆ। ਇਸ ਲਈ ਜਨਰਲ ਵੈਲਸਲੇ ਨੇ ਕਰਨਲ ਸਟੀਵੀਲਸਨ ਨੂੰ ਜਾਲਨਾ ਉਪਰ ਕਬਜ਼ਾ ਕਰਨ ਲਈ ਭੇਜ ਦਿੱਤਾ ਅਤੇ 9 ਸਤੰਬਰ, 1803 ਨੂੰ ਜਨਰਲ ਵੈਲਸਲੇ ਨੇ ਜਾਲਨਾ ਉਪਰ ਕਬਜ਼ਾ ਕਰ ਲਿਆ ਅਤੇ ਦੂਜੇ ਪਾਸੇ ਜਨਰਲ ਵੈਲਸਲੇ ਗੋਦਾਵਰੀ ਨਦੀ ਦੇ ਨਾਲ ਨਾਲ ਆ ਰਿਹਾ ਸੀ। 21 ਸਤੰਬਰ ਨੂੰ ਜਾਲਨਾ ਤੋਂ 20 ਕਿਲੋਮੀਟਰ ਦੂਰੀ ਤੇ ਸਥਿਤ ਬਦਨਾਪੁਰ ਦੇ ਸਥਾਨ ਤੋਂ ਕਰਨਲ ਸਟੀਵੀਲਸਨ ਨੂੰ ਆ ਮਿਲਿਆ। ਦੋਹਾਂ ਫੌਜਾਂ ਦੇ ਜਰਨੈਲਾਂ ਨੇ ਬਦਨਾਂਪੁਰ ਵਿਖੇ ਮਰਹੱਟਾਂ ਫੌਜ ਉੱਤੇ ਵੱਖ ਵੱਖ ਦਿਸ਼ਾਵਾਂ ਤੋਂ ਹਮਲਾ ਕਰਨ ਦੀ ਯੋਜਨਾ ਬਣਾਈ।

ਜਨਰਲ ਵੈਲਸਲੇ 27 ਅਗਸਤ, 1803 ਨੂੰ ਬਦਨਾਪੁਰ ਤੋਂ ਚਲ ਪਿਆ ਅਤੇ ਕੈਲਨ ਨਾਂ ਦੇ ਪਿੰਡ ਕੋਲ ਜਾ ਕੇ ਡੇਰਾ ਲਗਾ ਲਿਆ। ਉਥੇ ਜਾ ਕੇ ਉਸ ਨੂੰ ਪਤਾ ਲਗਾ ਕਿ ਮਰਹੱਟਾ ਫੌਜ ਕੇਤਨਾਂ ਦਰਿਆ ਦੇ ਕਿਨਾਰੇ ਮੋਰਚਾਬੰਦ ਹੈ। ਜਰਨਲ ਵੈਲਸਲੇ ਨੇ ਤੁਰੰਤ ਕਰਨਲ ਸਟੀਵੀਲਸਨ ਨੂੰ ਇਸ ਬਾਰੇ ਸੂਚਨਾ ਦੇ ਦਿੱਤੀ। ਜਨਰਲ ਵੈਲਸਲੇ ਪੂਰਬ ਵੱਲੋਂ ਅੱਗੇ

ਵਧਿਆ ਅਤੇ ਕਰਨਲ ਸਟੀਵੀਲਸਨ ਨੂੰ ਪੱਛਮ ਵੱਲੋਂ ਅੱਗੇ ਵਧਣ ਨੂੰ ਕਿਹਾ। ਜਨਰਲ ਵੈਲਸਲੇ ਥੋੜ੍ਹਾ ਹੀ ਅੱਗੇ ਵਧਿਆ ਸੀ ਕਿ ਉਸ ਨੂੰ ਮਰਹੱਟਿਆਂ ਦੀ ਫੌਜ ਪਿੰਪਲ ਕੋਲ ਨਜ਼ਰ ਆਈ।

3. ਅਭਿਆਸ ਲਈ ਪ੍ਰਸ਼ਨ :-

1. ਅਸਾਈ ਦੀ ਲੜਾਈ ਕਦੋਂ ਕਿੱਥੇ ਅਤੇ ਕਿਹਨਾਂ ਵਿਚਾਰ ਹੋਈ ਸੀ?
2. ਅਸਾਈ ਦੀ ਲੜਾਈ ਦੇ ਕਾਰਣ ਦਸੋ।
3. ਅਸਾਈ ਦੀ ਲੜਾਈ ਵਿਚ ਫੌਜਾਂ ਦੀ ਗਿਣਤੀ ਦਸੋ।



ਵੈਲਸਲੇ ਦੁਆਰਾ ਨਦੀ ਪਾਰ ਕਰਨਾ

4. ਫੌਜਾਂ ਦੀ ਮੋਰਚਾ ਬੰਦੀ:

ਮਰਹੱਟਿਆਂ ਨੇ ਕੇਤਨਾ ਦਰਿਆ ਤੇ ਉਤਰੀ ਕਿਨਾਰੇ ਤੇ ਜੇਵਾਹ ਦੇ ਸੰਗਤ ਕੋਲ ਮੋਰਚੇ ਲਾਏ ਹੋਏ ਸਨ। ਮਰਹੱਟਿਆਂ ਨੇ ਆਪਣੇ ਖੱਬੇ ਪਾਸੇ ਤੋਪਾਂ ਅਤੇ ਪੈਦਲ ਫੌਜ ਤਾਇਨਾਤ ਕੀਤੀ ਹੋਈ ਸੀ ਸੱਜੇ ਪਾਸੇ ਘੋੜ ਸਵਾਰ ਸਨ। ਫੌਜ ਦੇ ਖੱਬੇ ਪਾਸੇ ਵੱਲ ਅਸਾਈ ਨਾਂ ਦਾ ਪਿੰਡ ਸੀ ਜਿਥੇ ਪੈਦਲ ਫੌਜ ਅਤੇ ਤੋਪਾਂ ਲਗਾਈਆਂ ਹੋਈਆਂ ਸਨ। ਮਰਹੱਟਿਆਂ ਦੀ ਫੌਜ ਛੇ ਮੀਲ ਤੱਕ ਫੈਲੀ ਹੋਈ ਸੀ।

ਕਰਨਲ ਮਾਲੇਸਨ ਦੇ ਅਨੁਸਾਰ ਮਰਹੱਟਿਆਂ ਦੀ ਪੈਦਲ ਫੌਜ ਦੀ ਗਿਣਤੀ ਇਕ ਲੱਖ ਦੇ ਕਰੀਬ ਸੀ ਜਿਨ੍ਹਾਂ ਵਿਚ 10,000 ਫੌਜੀ ਯੂਰਪੀ ਲੀਹਾਂ ਤੇ ਸਿਖਿਅਤ ਕੀਤੇ ਗਏ ਸਨ। ਮਰਹੱਟਿਆਂ ਕੋਲ ਉਸ ਸਮੇਂ 20,000 ਘੋੜ ਸਵਾਰ ਸਨ ਜਿਹੜੇ ਆਪਣੇ ਪਿਛਲੇ ਲੜਾਈਆਂ ਅਤੇ ਸੂਰਮਗਤੀਆਂ ਦਾ ਲੰਬਾ ਇਤਿਹਾਸ ਰੱਖਦੇ ਸਨ। ਇਹ ਅੰਦਾਜ਼ਾ ਅਤਕਥਨੀ ਤੋਂ ਖਾਲੀ ਨਹੀਂ ਹੈ ਅਤੇ ਅਸੀਂ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ ਕਿ ਮਰਹੱਟਿਆਂ ਦੀ ਫੌਜ ਦੀ ਵੱਡੀ ਗਿਣਤੀ ਅਨਿਯਮਤ ਘੋੜ ਸਵਾਰਾਂ ਦੀ ਹੀ ਸੀ। ਉਨ੍ਹਾਂ ਦੀ ਲੜਾਈ ਦਾ ਢੰਗ ਪੁਰਾਣਾ ਹੀ ਸੀ ਤੇ ਉਨ੍ਹਾਂ ਦੇ ਕਮਾਂਡਰਾ ਕੋਲ ਨਵੀਆਂ ਹਾਲਤਾਂ ਵਿਚ ਪਿਛੇ ਮੈਦਾਨੀ ਨਿਰਣਾਇਕ ਜੰਗ ਲੜਨ ਤੇ ਜਿੱਤਣ ਦਾ ਲੰਬਾ ਤਜ਼ਰਬਾ ਨਹੀਂ ਸੀ। ਦਰਅਸਲ ਮਰਹੱਟੇ ਲੜਾਈ ਦੇ ਆਪਣੇ ਮੌਲਿਕ ਢੰਗ ਦੇ ਜ਼ਮਾਨੇ ਤੋਂ ਬਾਹਰ ਆ ਗਏ ਸਨ ਪਰ ਉਸ ਸਮੇਂ ਜੰਗ ਦੇ ਆਧੁਨਿਕ ਢੰਗ ਵੀ ਉਨ੍ਹਾਂ ਤੋਂ ਬਹੁਤ ਦੂਰ ਸੀ। ਉਨ੍ਹਾਂ ਦੀ ਫੌਜ ਤਬਾਦਲੇ ਦੇ ਇਕ ਦੌਰ ਵਿਚ ਹਾਲਾਂ ਪੂਰੀ ਤਰ੍ਹਾਂ ਲੰਘੀ ਨਹੀਂ ਸੀ। ਇਸ ਤੋਂ ਛੁਟ ਉਨ੍ਹਾਂ ਸਾਹਮਣੇ ਅਤੀ ਆਧੁਨਿਕ ਦੁਸ਼ਮਣ ਖੜੋਤੇ ਸਨ ਜਿਹੜੇ ਜੰਗੀ ਚਾਲਾਂ, ਕੂਟੀਨੀਤੀ ਅਤੇ ਯੁੱਧ ਕਲਾ ਦੇ ਖੇਤਰ ਵਿਚ ਹੀ ਆਧੁਨਿਕ ਨਹੀਂ ਹਨ

ਸਗੋਂ ਉਨ੍ਹਾਂ ਵਿਚ ਬਹਾਦਰੀ ਅਤੇ ਤਕਨੀਕ ਦਾ ਸੁਮੇਲ ਵੀ ਪਾਇਆ ਜਾਂਦਾ ਸੀ।

ਜਨਰਲ ਵੈਲਸਲੇ ਨੇ ਕੇਤਨਾ ਦਰਿਆ ਨੂੰ ਪਾਰ ਕਰ ਲਿਆ ਅਤੇ ਪੈਦਲ ਫੌਜ ਦੀਆਂ ਦੋ ਕਤਾਰਾਂ ਦੋਹਾਂ ਦਰਿਆਵਾਂ ਦੇ ਵਿਚਕਾਰ ਤਾਇਾਤ ਕਰ ਦਿੱਤੀਆਂ ਅਤੇ ਤੀਜੀ ਕਤਾਰ ਵਿਚ ਘੋੜ ਸਵਾਰ ਖੜੇ ਕਰ ਦਿੱਤੇ। ਮਰਹੱਟਿਆਂ ਦੀਆਂ ਸੱਜੇ ਪਾਸੇ ਵੱਲ ਦੀਆਂ ਤੋਪਾਂ ਦਾ ਮੁਕਾਬਲਾ ਕਰਨ ਲਈ ਜਨਰਲ ਵੈਲਸਲੇ ਨੇ ਵੀ ਸੱਜੇ ਪਾਸੇ ਵਲ ਅੱਗੇ ਤੋਪਖਾਨਾ ਅਤੇ ਪਿਛੇ ਘੋੜ ਸਵਾਰ ਫੌਜ ਲਗਾ ਦਿੱਤੀ। ਮਰਹੱਟਿਆਂ ਨੇ ਅੰਗਰੇਜ਼ਾਂ ਦੀ ਫੌਜ ਦੀ ਮੋਰਚਾਬੰਦੀ ਨੂੰ ਵੇਖ ਕੇ ਮਰਹੱਟਾ ਫੌਜ ਨੂੰ ਕੇਤਨਾਂ ਦਰਿਆ ਦੇ ਕਿਨਾਰੇ ਤੋਂ ਹਟਾ ਕੇ ਦੋਹਾਂ ਦਰਿਆਵਾਂ ਦਰਮਿਆਨ ਅੰਗਰੇਜ਼ਾਂ ਦੀ ਫੌਜ ਦੇ ਸਾਹਮਣੇ ਤਾਇਨਾਤ ਕਰ ਦਿੱਤਾ।

5. ਲੜਾਈ ਦੀ ਸ਼ੁਰੂਆਤ:

ਮਰਹੱਟਾ ਫੌਜ ਦੀ ਅਗਵਾਈ ਪ੍ਰਮੁੱਖ ਤੌਰ ਤੇ ਗੁਪਾਲ ਰਾਓ ਅਤੇ ਵਿਰਲਪੰਤ ਖਸ਼ੀ ਕਰ ਰਹੇ ਸਨ। ਫ਼ਰੰਗੀਆਂ ਦੇ ਪਹਿਲੇ ਹਮਲੇ ਦਾ ਗੁਪਾਲ ਰਾਓ ਨੇ ਹੀ ਠੋਕਵਾਂ ਜਵਾਬ ਦਿੱਤਾ ਸੀ। ਮਰਹੱਟਿਆਂ ਦੀ ਸੱਜੀ ਬਾਹੀ ਮੁਕਬਲਤਨ ਕਮਜ਼ੋਰ ਸੀ ਅਤੇ ਵੈਲਸਲੇ ਨੇ ਉਸ ਉਪਰ ਹਮਲਾ ਕਰਕੇ ਉਨ੍ਹਾਂ ਨੂੰ ਜਾਵਹ ਤੱਕ ਪਿਛੇ ਧੱਕ ਦੇਣ ਲਈ ਚੁਣੀਂਦੇ ਸਿਪਾਹੀਆਂ ਤੇ ਘੋੜ ਸਵਾਰਾਂ ਨਾਲ ਉਸ ਥਾਂ ਤੇ ਹਮਲਾ ਕਰਨ ਦੀ ਯੋਜਨਾ ਘੜੀ ਸੀ ਜਿਹੜੀ ਕਿ ਮਰਹੱਟਿਆਂ ਦੀ ਫ਼ੌਜ ਵਾਸਤੇ, ਥੋੜੀ ਸੀ। ਅੰਗਰੇਜ਼ਾਂ ਨੇ ਸੱਜੇ ਪਾਸੇ ਤੋਂ ਹੌਲੀ ਹੌਲੀ ਅਗਾਂਹ ਵਧਣਾ ਸੀ ਤਾਂ ਕਿ ਅਸਾਈ ਵਿਚ ਨਿਯੁਕਤ ਫੌਜ ਦਾ ਸਾਰਾ ਧਿਆਨ ਉਨ੍ਹਾਂ ਉਪਰ ਹੀ ਕੇਂਦਰਿਤ ਹੋ ਜਾਵੇ ਅਤੇ ਖੱਬੇ ਪਾਸੇ ਦੀਆਂ ਰੈਜਮੈਂਟਾਂ ਆਪਣੇ ਕੰਮ ਨੇਪਰੇ ਚਾੜ੍ਹ ਸਕਣ।

24 ਸਤੰਬਰ, 1803 ਦੀ ਸ਼ਾਮ ਨੂੰ ਬਰਤਾਨਵੀਂ ਫੌਜਾਂ ਨੂੰ ਯੋਜਨਾ ਤਹਿਤ ਹੁਕਮ ਦਿੱਤੇ ਗਏ ਅਤੇ ਫੌਜਾਂ ਅੱਗੇ ਵਧੀਆ। ਪਰ ਮਰਹੱਟਿਆਂ ਦੀਆਂ ਤੋਪਾਂ ਨੇ ਅਜਿਹੀ ਤਬਾਹੀ ਮਚਾਈ ਕਿ ਬਰਤਾਨਵੀ ਮੁਢਲੀ ਕਤਾਰ ਹਾਲੇ ਤਹਿ ਕਰਨ ਵਾਲੇ ਖੇਤਰ ਦਾ ਅੱਧਾ ਵੀ ਪਾਰ ਨਹੀਂ ਕਰ ਸਕੀ ਸੀ ਕਿ ਬਰਤਾਨਵੀ ਹਲਕੀਆ ਤੋਪਾਂ ਨੂੰ ਖਿਚ ਰਹੇ ਬਲਦ ਮਾਰੇ ਗਏ ਸਨ। ਤੋਪਾਂ ਦੀ ਅਗਲੇ ਪਾਸੇ ਤੋਂ ਕਾਰਵਾਈ ਜਾਮ ਹੋ ਗਈ। ਅੰਗਰੇਜ਼ ਫੌਜੀ ਇਸ ਘਟਨਾ ਅਤੇ ਸਾਹਮਣੇ ਤੋਂ ਪੈਂਦੇ ਗੋਲਿਆਂ ਕਰਕੇ ਕੁਝ ਸਮੇਂ ਲਈ ਥਿੜਕ ਗਏ ਸਨ। ਘਟਨਾ ਦੀ ਸੂਚਨਾ ਦੇਣ ਵਾਸਤੇ ਅਰਦਲੀ ਭੇਜਿਆ ਗਿਆ। ਅਗੋਂ ਜਵਾਬ ਮਿਲਿਆ, ''ਉਨ੍ਹਾਂ ਤੋਂ ਬਗੈਰ ਹੀ ਅਗਾਂਹ ਵਧੋ'' ਇਸ ਸਮੇਂ ਨਿਸ਼ਚੇ ਹੀ ਕਿਸੇ ਹੋਰ ਚੀਜ਼ ਬਾਰੇ ਸੋਚਣ ਦਾ ਸਮਾਂ ਨਹੀਂ ਸੀ, ਹੋਰ ਕੁਝ ਵੀ ਨਹੀਂ ਕੀਤਾ ਜਾ ਸਕਦਾ ਸੀ। ਅਗਾਂਹ ਵੱਧਣ ਦਾ ਅਰਥ ਸੀ ਤਬਾਹੀ। ਮਰਹੱਟਾ ਫੌਜ ਦੇ ਲੀਡਰਾਂ ਨੇ ਬਰਤਾਨਵੀ ਫੌਜ ਦੀਆਂ ਸਫਾ ਵਿਚ ਆਈ ਹਫੜਾ ਦਫੜੀ, ਹਿਚਕਚਾਹਟ ਅਤੇ ਗਤੀਰੋਧ ਨੂੰ ਤਾੜ ਲਿਆ ਸੀ। ਇਹ ਕੁਝ ਇਸ ਤਰ੍ਹਾਂ ਦੀ ਹਿਚਕਚਾਹਟ ਸੀ ਜਿਸ ਨੇ, ਉਨ੍ਹਾਂ ਦੀਆਂ ਆਪਸੀ ਲੜਾਈਆਂ ਵਿਚ ਉਹ ਆਦੀ ਸਨ ਅਤੇ ਜਿਸ ਦਾ ਲਾਭ ਉਠਾਉਣ ਲਈ ਉਹ ਆਪਣੇ ਘੋੜ ਸਵਾਰਾਂ ਨੂੰ ਵਰਤਣ ਲਈ ਤਿਆਰ ਸਨ। ਪਲਕ ਝਪਕਦੇ ਹੀ ਦੌਲਤ ਰਾਓ ਆਪਣੇ ਪ੍ਰਸਿੱਧ ਘੋੜ ਸਵਾਰਾਂ ਨੂੰ ਸਾਹਮਣੇ ਲਿਆਂਦਾ ਅਤੇ ਗਤੀਰੋਧ ਨੂੰ ਹਾਰ ਵਿਚ ਬਦਲ ਲੈਣ ਲਈ ਹੁਕਮ ਦਿੱਤਾ। ਪਰ ਇਸ ਤੋਂ ਪਹਿਲਾਂ ਕਿ ਮਰਹੱਟਾ ਘੋੜਸਵਾਰ ਹਫੜਾ ਦਫੜੀ ਵਿਚ ਪਈਆਂ ਅੰਗਰੇਜ਼ ਸਫਾ ਵਿਚ ਪਹੁੰਚਦੇ, ਵੈਲਸਲੇ ਨੇ ਇਕ ਯੋਗ ਜਰਨੈਲ ਵਾਂਗ ਜਲਦ ਹੀ ਪਿਛਵਾੜੇ ਤੋਂ ਆਪਣੇ ਚੋਣਵੇਂ ਘੋੜਸਵਾਰ ਅਗਾਂਹ ਕੱਢੇ ਅਤੇ ਉਨ੍ਹਾਂ ਨੂੰ ਅੱਗੇ ਤੋਂ ਆ ਰਹੇ ਮਰਹੱਟਾਂ ਘੋੜਸਵਾਰ ਨਾਲ ਜਾ ਟਕਰਾਉਣ ਲਈ ਭੇਜ ਦਿੱਤਾ। ਉਹ ਆਪਣੀਆਂ ਟੂਟੀਆਂ ਸਫਾਂ ਵਿੱਚੋਂ ਦੀ ਤੇਜੀ ਨਾਲ ਗੁਜਰਦੇ ਹੋਏ ਪੂਰੀ ਰਫਤਾਰ ਨਾਲ ਦੁਸ਼ਮਣ ਤੇ ਜਾ ਪਏ ਬਰਤਾਨਵੀ ਘੋੜ ਸਵਾਰਾਂ ਦੇ ਜ਼ਬਰਦਸਤ ਹਮਲੇ ਸਾਹਮਣੇ ਮਰਹੱਟਾ ਘੋੜਸਵਾਰ ਬਹੁਤ ਦੇਰ ਟਿਕ ਨਾ ਸਕੇ। ਅੰਗਰੇਜ਼ ਘੋੜਸਵਾਰਾਂ ਨੇ ਇਕ ਤਰ੍ਹਾਂ ਨਾਲ ਆਪਣੀਆਂ ਸਫਾ ਲਈ ਓਟ ਪ੍ਰਦਾਨ ਕੀਤੀ। ਉਨ੍ਹਾਂ ਨੂੰ ਆਪਣੀ ਸਥਿਤੀ ਠੀਕ ਕਰਨ ਲਈ ਜਿਹੜਾ ਸਮਾਂ ਲੋੜੀਂਦਾ ਸੀ ਉਹ ਮਿਲ ਗਿਆ ਸੀ। ਇਸ ਸਮੇਂ ਦੌਰਾਨ ਗੋਲਾਬਾਰੀ ਖਤਮ ਹੋ ਗਈ ਸੀ ਅਤੇ ਬਰਤਾਨਵੀ ਫੌਜ ਦੀ ਖੱਬੀ ਬਾਹੀ ਦੇ ਕੇਂਦਰ ਤੇਜ਼ੀ ਨਾਲ ਅਗਾਂਹ ਵੱਧ ਆਏ ਸਨ। ਖੱਬੀ ਬਾਹੀ ਅਤੇ ਕੇਂਦਰ ਦੀ ਅਗਵਾਈ ਖੁਦ ਵੈਲਸਲੇ ਕਰ ਰਿਹਾ ਸੀ। ਮੈਦਾਨ ਵਿਚ ਕੁਝ ਸਫਾਈ ਆਉਣ ਤੇ ਵੈਲਸਲੇ ਨੇ ਮਰਹੱਟਿਆਂ ਦੀ ਸੱਜੀ ਬਾਹੀ ਉਪਰ ਹਮਲਾ ਬੋਲ ਦਿੱਤਾ। ਮਰਹੱਟਿਆਂ ਦੀ ਪਹਿਲੀ ਕਤਾਰ ਨੂੰ ਪਿੱਛਲੀ ਚੋਟੀ ਕਤਾਰ ਤਕ ਪਿਛਾਂਹ ਸੁਟ ਦਿੱਤਾ ਗਿਆ। ਤਦ ਹੀ ਬਰਤਾਨਵੀ ਘੋੜ ਸਵਾਰਾਂ ਨੇ ਅਸਾਈ ਪਿੰਡ ਉਪਰ ਜ਼ਬਰਦਸਤ ਧਾਵਾ ਕਰ ਦਿੱਤਾ। ਘੋੜਸਵਾਰਾਂ ਨੂੰ ਢੁਕਵੀਂ ਸਹਾਇਤਾ ਵੀ ਪ੍ਰਦਾਨ ਕੀਤੀ ਗਈ। ਅਸਾਈ ਪਿੰਡ ਦੇ ਕਬਜ਼ੇ ਵਾਸਤੇ ਜੰਗ ਛਿੜ ਗਈ। ਮਰਹੱਟਿਆਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਹਰ ਸੰਭਵ ਕੁਰਬਾਨੀ ਤੋਂ ਪਿਛਾਂਹ ਨਹੀਂ ਹਟੇ। ਪਰ ਅੰਗਰੇਜ਼ਾਂ ਦੀ ਸਮੁੱਚੀ ਕਤਾਰ ਤੇਜ਼ੀ ਨਾਲ ਅਗਾਂਹ ਵਧਦੀ ਆ ਰਹੀ ਸੀ। ਕਾਫੀ ਦੇਰ ਤਕ ਜ਼ਬਰਦਸਤ ਮੁਕਾਬਲਾ ਕਰਨ ਤੋਂ ਬਾਅਦ ਮਰਹੱਟਿਆਂ ਨੂੰ ਅਸਾਈ ਪਿੰਡ ਛੱਡ ਦੇਣ ਤੇ ਮਜ਼ਬੂਰ ਹੋਣਾ ਪਿਆ। ਬਰਤਾਨਵੀਂ ਫੌਜਾਂ ਨੇ ਕਦਮ ਕਦਮ ਤੇ ਲੜਦਿਆਂ ਮਰਹੱਟਿਆਂ ਨੂੰ ਜੇਵਾਹ ਤੱਕ ਧੱਕ ਦਿੱਤਾ।

ਜੰਗ ਦੇ ਮੈਦਾਨ ਉਪਰ ਅੰਗਰੇਜ਼ਾਂ ਦਾ ਮੁਕੰਮਲ ਕਬਜ਼ਾ ਹੋ ਚੁੱਕਾ ਸੀ। ਉਹ ਮਰਹੱਟਾ ਫੌਜ ਨੂੰ ਉਥੋਂ ਖਦੇੜ ਦੇਣ

ਵਿਚ ਪੂਰੀ ਤਰ੍ਹਾਂ ਕਾਮਯਾਬ ਹੋਏ ਸਨ। ਇਸ ਤਰ੍ਹਾਂ ਨਾਲ ਉਹ ਜਿੱਤ ਚੁੱਕੇ ਸਨ ਪਰ ਹਾਲੇ ਤੱਕ ਮਰਹੱਟਿਆਂ ਦੀ ਮੁਕੰਮਲ ਹਾਰ ਨਹੀਂ ਹੋਈ ਸੀ ਅਤੇ ਉਨ੍ਹਾਂ ਦੇ ਹੌਸਲੇ ਹਾਲਾਂ ਵੀ ਬੁਲੰਦ ਸਨ। ਜੇਵਾਹ ਤੋਂ ਪਾਸ ਦਾ ਮੈਦਾਨ ਜਿਥੇ ਮਰਹੱਟਾ ਫੌਜ ਹੁਣ ਪਹੁੰਚ ਚੁਕੀ ਸੀ। ਮਰਹੱਟਿਆਂ ਦੀ ਪਰੰਮ ਪਰਾਗਤ ਯੁੱਧ ਨੀਤੀ ਲਈ ਹੋਰ ਵੀ ਢੁਕਵਾਂ ਖੇਤਰ ਸੀ। ਮਰਹੱਟਿਆਂ ਦੀਆਂ ਮੁਕੰਮਲ ਤਿਆਰੀਆਂ ਤੋਂ ਪਹਿਲਾਂ ਹੀ ਬਰਤਾਨਵੀ ਘੋੜ ਸਵਾਰਾ ਨੇ ਤੇਜ਼ੀ ਨਾਲ ਜੇਵਾਹ ਦਰਿਆ ਨੂੰ ਪਾਰ ਕੀਤਾ ਅਤੇ ਮਰਹੱਟਿਆਂ ਦੀਆਂ ਉਨ੍ਹਾਂ ਕਤਾਰਾਂ ਤੇ ਟੁੱਟ ਪਏ ਜਿਨ੍ਹਾਂ ਨੂੰ ਹਾਲੇ ਜੱਥੇਬੰਦ ਕੀਤਾ ਜਾ ਰਿਹਾ ਸੀ। ਮਰਹੱਟਿਆਂ ਦੇ ਘੋੜ ਸਵਾਰ ਹਾਲੇ ਵੀ ਜਬਰਦਸਤ ਜਵਾਬੀ ਕਾਰਵਾਈ ਕਰ ਸਕਣ ਦੇ ਸਮਰੱਥ ਸਨ। ਬਰਤਾਨਵੀ ਘੋੜਸਵਾਰ ਜਦੋਂ ਮਾਰ ਚਾਟ ਕਰਕੇ ਕੁਝ ਅਗਾਂਹ ਲੰਘ ਚੁੱਕੇ ਹਨ ਅਤੇ ਜਿਨ੍ਹਾਂ ਨੇ ਇੰਜ ਵਿਖਾਵਾ ਕੀਤਾ ਸੀ ਜਿਵੇਂ ਕਿ ਉਹ ਮਰੇ ਪਏ ਹੋਣ ਜਾਂ ਜਖ਼ਮੀ ਹੋਣ ਤੇ ਡਿਗ ਪਏ ਹੋਣ। ਤਦ ਜ਼ੋਰਦਾਰ ਸੰਘਰਸ਼ ਛਿੜ ਪਿਆ। ਇਸ ਸਮੇਂ ਹੀ ਬਰਤਾਨਵੀ ਘੋੜਸਵਾਰਾਂ ਦੀ ਅਗਵਾਈ ਕਰ ਰਿਹਾ ਕਰਨਲ ਮੈਕਸਵੈਲ ਮਾਰਿਆ ਗਿਆ। ਮਰਹੱਟਿਆਂ ਦੀ ਉਪਰੋਕਤ ਚਾਲ ਇਸ ਹੱਦ ਤੱਕ ਸਫਲ ਰਹੀ ਕਿ ਬਰਤਾਨਵੀ ਸਿਪਾਹੀਆਂ ਵਿਚ ਭੈਅ ਦੀ ਲਹਿਰ ਦੌੜ ਗਈ ਤੇ ਉਨ੍ਹਾਂ ਦੀਆਂ ਸਫਾ ਡੋਲਣ ਲਗੀਆਂ। ਇਸ ਮੌਕੇ ਤੇ ਆਪਣੀ ਫੌਜ ਨੂੰ ਭਿਆਨਕ ਹਾਲਤ ਅਤੇ ਤਰਸਯੋਗ ਸਥਿਤੀ ਵਿਚ ਵੇਖ ਸਕੇ ਖੁਦ ਵੈਲਸਲੇ ਘੋੜਸਵਾਰਾਂ ਅਤੇ ਪੈਦਲ ਫੌਜ ਦੀਆਂ ਰੈਜਮੈਂਟਾਂ ਲੈ ਕੇ ਭੱਖੀ ਹੋਈ ਲੜਾਈ ਵਿਚ ਤੇਜ਼ੀ ਨਾਲ ਸ਼ਾਮਿਲ ਹੋਇਆ। ਜ਼ਬਰਦਸਤ ਲੜਾਈ ਵਿਚ ਜੰਗ ਦਾ ਪਲੜਾ ਅੰਗਰੇਜ਼ਾ ਵੱਲ ਝੁਕ ਗਿਆ ਭਾਵੇਂ ਮਰਹੱਟਾ ਫੌਜ ਜਾਨ ਮਾਰ ਕੇ ਹਰ ਕਿਸਮ ਦੀ ਬਹਾਦਰੀ ਵਿਖਾਉਂਦੇ ਫੌਜ ਮੈਦਾਨ ਛੱਡ ਕੇ ਭੱਜ ਨਿਕਲੀ। ਅੰਗਰੇਜ਼ ਫੌਜ ਨੇ ਉਨ੍ਹਾਂ ਦਾ ਦੂਰ ਤਕ, 12 ਮੀਲ ਤਕ ਪਿੱਛਾ ਕੀਤਾ।

5.1 ਨੁਕਸਾਨ:

ਇਹ ਮਰਹੱਟਿਆਂ ਦੀ ਅੰਗਰੇਜ਼ਾਂ ਵਿਰੁੱਧ ਦੂਜੀ ਲੜਾਈ ਸੀ ਅੰਗਰੇਜ਼ਾਂ ਨੂੰ ਇਸ ਲੜਾਈ ਵਿਚ ਜਿੱਤ ਸੌਖੇ ਭਾਅ ਨਹੀਂ ਮਿਲ ਗਈ ਸੀ। ਅੰਗਰੇਜ਼ਾਂ ਦਾ ਇਸ ਲੜਾਈ ਵਿਚ ਭਾਰੀ ਨੁਕਸਾਨ ਹੋਇਆ ਸੀ। ਅੰਗਰੇਜ਼ੀ ਫੌਜ ਦੇ 23 ਯੂਰਪੀ ਅਫਸਰ 175 ਯੂਰਪੀ ਸਿਪਾਹੀ ਮਾਰੇ ਗਏ ਸਨ। ਜਦੋਂ ਕਿ 30 ਯੂਰਪੀ ਅਫਸਰ 412 ਯੂਰਪੀ ਸਿਪਾਹੀ ਬੁਰੀ ਤਰ੍ਹਾਂ ਜਖ਼ਮੀ ਹੋਏ ਸਨ। ਇਸ ਤੋਂ ਇਲਾਵਾ ਉਨ੍ਹਾਂ ਅਧੀਨ ਲੜਨ ਵਾਲੇ ਭਾਰਤੀ ਸਿਪਾਹੀਆਂ ਵਿਚੋਂ 230 ਮਾਰੇ ਗਏ ਸਨ ਅਤੇ 4696 ਜ਼ਖ਼ਮੀ ਹੋਏ ਸਨ। ਦੂਸਰੇ ਪਾਸੇ ਮਰਹੱਟਿਆਂ ਦੇ 1200 ਫੌਜੀ ਆਪਣੀ ਤੋਪਾਂ ਪਿਛਾਹ ਹੀ ਛੱਡ ਜਾਣ ਤੇ ਮਜ਼ਬੂਰੀ ਅਤੇ ਇਸ ਤਰ੍ਹਾਂ ਜਿੱਤ ਦੇ ਨਾਲ ਅੰਗਰੇਜ਼ਾਂ ਦੇ ਹੱਥ 98 ਛੋਟੀਆਂ ਤੇ ਵੱਡੀਆਂ ਤੋਪਾਂ ਵੀ ਆ ਗਈਆਂ ਸਨ।

6. ਮਰਹੱਟਿਆਂ ਦੀ ਹਾਰ ਦੇ ਕਾਰਣ:

ਅਸਾਈ ਦੀ ਲੜਾਈ ਵਿਚ ਮਰਹੱਟਾ ਫੌਜ ਦੀ ਹਾਰ ਦੇ ਕਈ ਮੁੱਖ ਕਾਰਣ ਸਨ। ਸਭ ਤੋਂ ਪਹਿਲਾਂ ਇਹ ਹੈ ਕਿ ਮਰਹੱਟਿਆਂ ਵਿਚ ਏਕਤਾ ਦੀ ਕਮੀ ਸੀ। ਅੰਗਰੇਜ਼ਾਂ ਨੇ ਆਪਣੀ ਰਾਜਨੀਤਿਕ ਚਾਲਾਂ ਦੁਆਰਾ ਮਰਹੱਟਿਆਂ ਵਿਚ ਫੁੱਟ ਪਾ ਦਿੱਤੀ ਸੀ। ਬੇਸ਼ਕ ਦੌਲਤ ਰਾਓ ਸਿੰਧੀਆ ਨੇ ਮਰਹੱਆ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੰਦ ਕਰਨ ਦੀ ਪੂਰੀ ਕੌਸ਼ਿਸ਼ ਕੀਤੀ ਪਰ ਬਾਜੀ ਰਾਉ ਵਰਗੇ ਮਰਹੱਟੇ ਸਰਦਾਰਾਂ ਨੂੰ ਅੰਗਰੇਜਾਂ ਨੇ ਆਪਣੇ ਹੱਥਾਂ ਦੀ ਕਠਪੁਤਲੀ ਬਣਾ ਲਿਆ ਸੀ। ਜਿਸ ਕਾਰਣ ਉਹ ਅੰਗਰੇਜ਼ਾਂ ਵਿਰੁੱਧ ਬਗਾਵਤ ਨਹੀਂ ਕਰ ਸਕਦੇ ਸਨ। ਜਸਵੰਤ ਰਾਉ ਹੋਲਕਰ ਵਰਗੇ ਸਵਾਰਥੀ ਸਰਦਾਰਾਂ ਨੇ ਵੀ ਬਾਜ਼ੀ ਰਾਉ ਅਤੇ ਰਘੂ ਜੀ ਭੋਂਸਲੇ ਦਾ ਸਾਥ ਨਹੀਂ ਦਿੱਤਾ, ਸਗੋਂ ਉਹ ਇਨ੍ਹਾਂ ਨੂੰ ਕਮਜ਼ੋਰ ਕਰ ਕੇ ਆਪਣੇ ਰਾਜ ਕਾਇਮ ਕਰਨਾ ਚਾਹੁੰਦੇ ਸੀ। ਮਰਹੱਟਾ ਫੌਜ ਦੇ ਯੂਰਪੀ ਅਫਸਰਾਂ ਦਾ ਅੰਗਰੇਜ਼ਾਂ ਨਾਲ ਮਿਲ ਜਾਣਾ ਮਰਹੱਟਾ ਫੌਜ ਦੀ ਹਾਰ ਦਾ ਦੂਜਾ ਮੁੱਖ ਕਾਰਨ ਸੀ। ਅੰਗਰੇਜ਼ ਸੈਨਾਪਤੀ ਵੈਲਸਲੇ ਨੇ ਅਹਿਮਦਨਗਰ ਦੇ ਕਿਲ੍ਹੇਦਾਰਾਂ ਨੂੰ ਪੈਸੇ ਦੀ ਲਾਲਚ ਦੇ ਕੇ ਆਪਣੇ ਨਾਲ ਮਿਲਾ ਲਿਆ। ਅਹਿਮਦ ਨਗਰ ਵਿਚ ਦੌਲਤ ਰਾਉ ਸਿੰਧੀਆਂ ਨੇ ਫੌਜੀ ਸਟੋਰ ਬਣਾਇਆ ਹੋਇਆ ਸੀ, ਜਿਸ ਉੱਤੇ ਅੰਗਰੇਜ਼ਾਂ ਨੇ ਅਸਾਈ ਦੀ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣਾ ਅਧਿਕਾਰ ਕਰ ਲਿਆ। ਜਿਸ ਕਾਰਣ ਮਰਹੱਟਾ ਫੌਜ ਕਮਜ਼ੋਰ ਹੋ ਗਈ। ਇਸ ਤੋਂ ਇਲਾਵਾ ਮਰਹੱਟਾ ਫੌਜ ਦੀ ਹਾਰ ਦੇ ਹੋਰ ਵੀ ਕਈ ਕਾਰਨ ਸਨ ਜਿਵੇਂ ਕਿ ਸਿਖਲਾਈ ਦੀ ਘਾਟ, ਅਨੁਸ਼ਾਸ਼ਨ ਦੀ ਘਾਟ, ਅੰਗਰੇਜ਼ਾਂ ਦੇ ਮੁਕਾਬਲੇ ਘਟੀਆ ਹਥਿਆਰ ਆਦਿ।

7. ਵਰਤੇ ਗਏ ਯੁੱਧ ਦੇ ਸਿਧਾਂਤ

ਅਸਾਈ ਦੀ ਲੜਾਈ ਵਿਚ ਆਖ਼ਰੀ ਸਮੇਂ ਤੱਕ ਇਸ ਗੱਲ ਦਾ ਨਿਸ਼ਚਾ ਕਰਨਾ ਮੁਸ਼ਕਿਲ ਸੀ ਕਿ ਕਿਹੜੀ ਫੌਜ ਜਿੱਤੇਗੀ ਕਿਉਂਕਿ ਕਦੇ ਅੰਗਰੇਜ਼ ਸੈਨਾ ਮਰਹੱਟਾ ਉੱਤੇ ਹਾਵੀ ਹੋ ਜਾਂਦੀ ਅਤੇ ਕਦੇ ਮਰਹੱਟਿਆਂ ਦਾ ਪਲੜਾ ਭਾਰੀ ਹੋ ਜਾਂਦਾ। ਦੋਵੇਂ ਜਰਨੈਲ ਆਪਣੀਆਂ ਜੰਗੀ ਚਾਲਾਂ ਚਲ ਰਹੇ ਸਨ। ਇਸ ਲੜਾਈ ਵਿਚ ਦੋਵੇਂ ਵਿਰੋਧੀ ਕਮਾਂਡਰਾ ਵੱਲੋਂ ਕਈ ਲੜਾਈ ਦੇ ਸਿਧਾਂਤ ਵਰਤੇ ਗਏ ਜਿਵੇਂ ਹਮਲਾਵਰੀ ਕਾਰਵਾਈ, ਅਚੰਭਾ, ਫੌਜਾ ਦੀ ਇਕੱਠਤਾ, ਸਹਿਯੋਗ ਲਚਕਤਾ, ਹੌਸਲਾ ਆਦਿ ਜਦੋਂ ਵੀ

ਮਰਹੱਟਾ ਸੈਨਿਕਾਂ ਨੂੰ ਮੌਕਾ ਲੱਗਿਆ। ਉਨ੍ਹਾਂ ਉੱਤੇ ਅਚਾਨਕ ਹਮਲਾ ਕਰ ਦਿੱਤਾ। ਦੋਵੇਂ ਵਿਰੋਧੀ ਕਮਾਂਡਰਾਂ ਨੇ ਸਮੇਂ ਸਮੇਂ ਉੱਤੇ ਸੈਨਿਕਾਂ ਦਾ ਹੌਂਸਲਾ ਉੱਚਾ ਕੀਤਾ ਅਤੇ ਲੜਨ ਲਈ ਦੁਬਾਰਾ ਇਕੱਠਾ ਕੀਤਾ।

ਸਾਰ: ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਅੰਗਰੇਜਾਂ ਨੇ ਮਰਹੱਟਿਆਂ ਨੂੰ ਅਸਾਈ ਦੀ ਲੜਾਈ ਵਿਚ ਹਰਾ ਕੇ, ਆਪਣੇ ਰਾਜ ਦਾ ਵਿਸਥਾਰ ਕਰਨ ਲਈ ਰਾਹ ਸਾਫ਼ ਕਰ ਲਿਆ। ਭਾਰਤ ਵਿੱਚ ਅੰਗਰੇਜ਼ਾਂ ਨੂੰ ਮਰਹੱਟਿਆਂ ਅਤੇ ਸਿੱਖਾਂ ਦਾ ਹੀ ਖ਼ਤਰਾ ਸੀ। ਸੋ ਅੰਗਰੇਜ਼ਾਂ ਨੇ ਮਰਹੱਟਿਆਂ ਦਾ ਤਾਂ ਸਫਾਇਆ ਕਰ ਦਿੱਤਾ। ਹੁਣ ਉਨ੍ਹਾਂ ਸਾਹਮਣੇ ਸਿੱਖਾਂ ਦੀ ਹੀ ਰੋਕ ਰਹਿ ਗਈ ਸੀ।

ਹੋਰ ਪੜ੍ਹਨ ਵਾਸਤੇ ਪੁਸਤਕਾਂ

1. G.B. Malleson : The Decisive Battles of India, 1746-1849
2. Gautam Sharma : Indian Army Through the Ages

ਪਾਠ ਨੰ: 2.5

ਚਿੱਲੀਆਂਵਾਲਾ ਦੀ ਲੜਾਈ (1849 ਈ.)
(Battle of Chillianwala)

ਪਾਠ ਦੀ ਰੂਪ-ਰੇਖਾ

1. ਜਾਣ-ਪਛਾਣ
2. ਮਹਾਰਾਜਾ ਰਣਜੀਤ ਸਿੰਘ ਪਿਛੋਂ ਸਿੱਖ ਸੈਨਾ
3. ਚਿੱਲੀਆਂਵਾਲਾ ਦੀ ਲੜਾਈ
4. ਨੁਕਸਾਨ
5. ਲੜਾਈ ਵਿੱਚ ਵਰਤੇ ਗਏ ਯੁੱਧ ਦੇ ਸਿਧਾਂਤ
6. ਸਾਰ

ਪਿਆਰੇ ਵਿਦਿਆਰਥੀ,

ਪਿਛਲੇ ਪਾਠਾਂ ਵਿਚ ਅਸੀਂ ਮਰਹੱਟਿਆਂ ਦੇ ਸੈਨਿਕ ਢੰਗਾਂ ਬਾਰੇ ਅਤੇ ਅੰਗਰੇਜ਼ਾਂ ਅਤੇ ਮਰਹੱਟਿਆਂ ਵਿਚਕਾਰ ਹੋਈਆਂ ਲੜਾਈਆਂ ਬਾਰੇ ਜਾਣਕਾਰੀ ਹਾਸਲ ਕੀਤੀ ਸੀ। ਇਸ ਦੇ ਨਾਲ ਹੀ ਅਸੀਂ ਮਹਾਰਾਜਾ ਰਣਜੀਤ ਸਿੰਘ ਅਧੀਨ ਸਿੱਖਾਂ ਦੇ ਲੜਨ ਦੇ ਢੰਗਾਂ ਅਤੇ ਉਹਨਾਂ ਦੇ ਨੈਤਿਕ ਸੰਗਠਨ ਬਾਰੇ ਵੀ ਪੜਿਆ। ਹੁਣ ਅਸੀਂ ਇਸ ਪਾਠ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਬਾਰੇ ਪੜ੍ਹਾਗੇ ਅਤੇ ਵੇਖਾਂਗੇ ਕਿ ਕਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਨੈਤਿਕਾਂ ਦਾ ਹੌਲੀ-2 ਕਰਕੇ ਪਤਨ ਹੋ ਗਿਆ ਤੇ ਬਿਨਾਂ ਕਿਸੇ ਸੁਯੋਗ ਉੱਤਰਾਧਿਕਾਰੀ ਦੇ ਉਹਨਾਂ ਵਿਚ ਆਪਸੀ ਫੁੱਟ ਵੱਧ ਗਈ ਅਤੇ ਮਹਾਨ ਸਿੱਖ ਸਾਮਰਾਜ ਦੇ ਅੰਤ ਹੋਣ ਨਾਲ ਹੀ ਅੰਗਰੇਜ਼ਾਂ ਨੇ ਲਗਭਗ ਸਾਰੇ ਭਾਰਤ ਤੇ ਆਪਣਾ ਅਧਿਕਾਰ ਕਰ ਲਿਆ ਜਿਹੜਾ ਕਿ ਕਰੀਬ 100 ਸਾਲ ਚਲਿਆ।

1. ਜਾਣ-ਪਛਾਣ

ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ, 1839 ਈ. ਨੂੰ ਹੋ ਗਈ। ਰਣਜੀਤ ਸਿੰਘ ਬਹੁਤ ਹੀ ਯੋਗ ਹਾਕਮ ਸੀ। ਉਸ ਨੇ ਲਗਭਗ ਚਾਲੀ ਸਾਲਾਂ ਦੇ ਆਪਣੇ ਰਾਜ ਕਾਲ ਵਿੱਚ ਪੰਜਾਬ ਵਿਚ ਇਕ ਵਿਸ਼ਾਲ ਤੇ ਸ਼ਕਤੀਸ਼ਾਲੀ ਰਾਜ ਦੀ ਉਸਾਰੀ ਕੀਤੀ। ਉਸ ਦੇ ਉਤਰਾਧਿਕਾਰੀ-ਖੜਕ ਸਿੰਘ, ਨੌਨਿਹਾਲ ਸਿੰਘ, ਸ਼ੇਰਸਿੰਘ ਤੇ ਦਲੀਪ ਸਿੰਘ ਕਮਜ਼ੋਰ ਅਤੇ ਅਯੋਗ ਹਾਕਮ ਸਿੱਧ ਹੋਏ। ਉਨ੍ਹਾਂ ਵਿਚ ਸਫਲ ਨੇਤਾ ਦੀ ਘਾਟ ਸੀ ਅਤੇ ਉਹ ਮੁੱਖ ਰੂਪ ਵਿੱਚ ਆਪਣੀ ਗੱਦੀ ਕਾਇਮ ਰੱਖਣ ਲਈ ਆਪਣੇ ਵਿਰੋਧੀਆਂ ਵਿਰੁੱਧ ਕਾਰਵਾਈ ਕਰਨ ਵਿਚ ਹੀ ਲਗੇ ਰਹੇ। ਉਨ੍ਹਾਂ ਦੀ ਕਮਜ਼ੋਰੀ ਕਾਰਨ ਰਾਜ ਦਰਬਾਰ ਵਿਚ ਦੋ ਦਲ ਜਾਂ ਧੜੇ ਕਾਇਮ ਹੋ ਗਏ। ਇਕ ਦਲ ਸੰਧਾਵਾਲੀਏ ਸਰਦਾਰਾਂ ਦਾ ਸੀ ਜਿਸ ਵਿਚ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ ਤੇ ਹੀਰਾ ਸਿੰਘ ਸ਼ਾਮਿਲ ਸਨ। ਦੂਜੇ ਦਲ ਸੰਧਾਵਾਲੀਏ ਸਰਦਾਰਾਂ ਦਾ ਸੀ ਜਿਸ ਦੇ ਆਗੂ ਅਤਰ ਸਿੰਘ, ਲਹਿਣਾ ਸਿੰਘ, ਅਤੇ ਅਜੀਤ ਸਿੰਘ ਸਨ, ਇਨ੍ਹਾਂ ਨੂੰ ਅਟਾਰੀਵਾਲੇ ਤੇ ਮਜੀਠੀਆਂ ਦੇ ਸਰਦਾਰਾਂ ਦਾ ਸਮਰਥਨ ਪ੍ਰਾਪਤ ਸੀ। 1831 ਈ. ਤੋਂ 1845 ਈ. ਤੱਕ ਰਾਜ ਦਰਬਾਰ ਮੁੱਖ ਰੂਪ ਵਿੱਚ ਡੋਗਰਾ ਰਾਜਪੂਤਾਂ ਤੇ ਸੰਧਾਵਾਲੀਏ ਸਰਦਾਰਾਂ ਦੀਆਂ ਸਾਜ਼ਸ਼ਾਂ ਦਾ ਅਖਾੜਾ ਹੀ ਬਣਿਆ ਰਿਹਾ ਅਤੇ ਰਾਜ ਵਿਚ ਗੜਬੜ ਤੇ ਅਵਿਵਸਥਾ ਹੀ ਪਸਰੀ ਰਹੀ। ਅੰਗਰੇਜ਼ਾਂ ਨੇ ਲਾਹੌਰ ਰਾਜ ਵਿਚ ਅਸ਼ਾਂਤੀ ਤੇ ਅਰਾਜਕਤਾ ਦਾ ਪੂਰਾ ਪੂਰਾ ਲਾਭ ਉਠਾਉਂਦਿਆਂ ਹੋਇਆ ਸਿੱਖਾਂ ਨਾਲ ਦੋ ਯੁੱਧ ਕੀਤੇ ਅਤੇ ਉਨ੍ਹਾਂ ਨੂੰ ਹਰਾ ਕੇ 1849 ਈ. ਵਿਚ ਪੰਜਾਬ ਨੂੰ ਆਪਣੇ ਸਾਮਰਾਜ ਵਿਚ ਸ਼ਾਮਲ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਆਪਣੇ ਮਗਰ ਸੱਤ ਪੁੱਤਰ ਖੜਕ ਸਿੰਘ, ਸ਼ੇਰ ਸਿੰਘ, ਤਾਰਾ ਸਿੰਘ, ਕਸ਼ਮੀਰਾ ਸਿੰਘ, ਪਸ਼ੋਰਾ ਸਿੰਘ, ਮੁਲਤਾਨ ਸਿੰਘ ਅਤੇ ਦਲੀਪ ਸਿੰਘ ਛੱਡ ਗਿਆ ਸੀ। ਖੜਕ ਸਿੰਘ ਜੋ ਕਿ ਸਭ ਤੋਂ ਵੱਡਾ ਸੀ, ਹੀ ਇਕੋ ਇਕ ਰਣਜੀਤ ਸਿੰਘ ਦਾ ਕਾਨੂੰਨੀ ਵਾਰਿਸ ਸੀ। ਖੜਕ ਸਿੰਘ ਹਾਕਮ ਬਣਨ ਦੇ ਯੋਗ ਨਹੀਂ ਸੀ ਪਰ ਖੜਕ ਸਿੰਘ ਦੇ ਦੂਜੇ ਭਰਾ ਵੀ ਗੱਦੀ ਪ੍ਰਾਪਤ ਕਰਨ ਲਈ ਖਿਚੋਤਾਣ ਕਰਨ ਲਗ ਪਏ ਸਨ ਕਿਉਂਕਿ ਇਨ੍ਹਾਂ ਭਰਾਵਾਂ ਵਿਚ ਪਿਆਰ ਨਹੀਂ ਸੀ, ਇਹ ਵੱਖ ਵੱਖ ਮਾਤਾਵਾਂ ਦੀ ਔਲਾਦ ਸਨ। ਖੜਕ ਸਿੰਘ ਨੇ ਲਾਹੌਰ ਦਰਬਾਰ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਸੰਭਾਲ ਲਈ। ਖੜਕ ਸਿੰਘ ਨੇ ਆਪਣੀ ਪਤਨੀ ਦੇ ਰਿਸ਼ਤੇਦਾਰ ਚੇਤ ਸਿੰਘ ਬਾਜਵਾ ਨੂੰ ਆਪਣੇ ਰਾਜ ਦੇ ਕੰਮ ਕਾਜ ਦਾ ਭਾਰ ਸੌਂਪ ਦਿੱਤਾ। ਲਾਹੌਰ ਦਰਬਾਰ ਵਿਚ ਚੇਤ ਸਿੰਘ ਬਾਜਵਾ ਦਾ ਪ੍ਰਭਾਵ ਦਿਨੋ ਦਿਨ ਵੱਧ ਰਿਹਾ ਸੀ। ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ, ਚੇਤ ਸਿੰਘ ਨਾਲ ਈਰਖਾ ਕਰਦਾ ਸੀ। ਰਾਜਾ ਧਿਆਨ

ਸਿੰਘ ਨੇ ਮਹਾਰਾਜ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਆਪਣੇ ਨਾਲ ਮਿਲਾ ਲਿਆ। 9 ਅਕਤੂਬਰ, 1839 ਨੂੰ ਕੰਵਲ ਨੌਨਿਹਾਲ ਸਿੰਘ, ਧਿਆਨ ਸਿੰਘ, ਸੁਚੇਤ ਸਿੰਘ, ਗੁਲਾਬ ਸਿੰਘ ਨੇ ਆਪਣੇ ਨਾਲ 20 ਦੇ ਲਗਭਗ ਸਿਪਾਹੀ ਲੈ ਕੇ ਮਹਾਰਾਜ ਖੜਕ ਸਿੰਘ ਦੇ ਨਿਜੀ ਕਮਰੇ ਵਿਚ ਜਾ ਵੜੇ ਅਤੇ ਚੇਤ ਸਿੰਘ ਨੂੰ ਜਾ ਨਪਿਆ। ਖੜਕ ਸਿੰਘ ਦੇ ਸਾਹਮਣੇ ਹੀ ਧਿਆਨ ਸਿੰਘ ਨੇ ਚੇਤ ਸਿੰਘ ਬਾਜਵਾ ਨੂੰ ਸਦਾ ਹੀ ਨੀਂਦ ਸੁਲਾ ਦਿੱਤਾ। ਆਪਣੇ ਸਾਹਮਣੇ ਆਪਣੇ ਹੀ ਚਹੇਤੇ ਦਾ ਕਤਲ ਵੇਖ ਕੇ ਖੜਕ ਸਿੰਘ ਦਾ ਮਨ ਸੰਤਾਪ ਨਾਲ ਭਰ ਗਿਆ। ਆਪਣੇ ਪੁੱਤਰ ਕੰਵਲ ਨੌਨਿਹਾਲ ਸਿੰਘ ਅਤੇ ਦੂਸਰੇ ਅਹਿਲਕਾਰਾਂ ਵਿਰੁੱਧ ਉਸ ਦੇ ਰੋਹ ਦਾ ਕੋਈ ਅੰਤ ਨਾ ਰਿਹਾ ਅਤੇ ਉਹ ਉਨ੍ਹਾਂ ਨੂੰ ਬਦਅਸੀਸਾਂ ਦੇਣ ਲੱਗਾ। ਇਹ ਕਤਲ, ਅਸਲ ਵਿਚ ਸੱਤਾ ਉਪਰ ਕਬਜ਼ਾ ਕਰਨ ਲਈ ਭਿਆਨਕ ਲੜਾਈ ਹੋਣ ਵਾਲੇ ਕਤਲਾਂ ਦੀ ਲੜੀ ਦਾ ਪਹਿਲਾ ਦ੍ਰਿਸ਼ ਪੇਸ਼ ਕਰਦਾ ਹੈ।

1.1 ਮੁੱਢਲੀਆਂ ਘਟਨਾਵਾਂ

ਰਾਜ ਸੱਤਾ ਉਪਰ ਕਾਬੂ ਪਾਉਣ ਦੀ ਵਿਰੋਧੀ ਧੜਿਆਂ ਦਰਮਿਆਨ ਦੀ ਜਾਨ ਲੇਵਾ ਲੜਾਈ ਦੀ ਕਾਰਵਾਈ ਦਾ ਇਕ ਅਹਿਮ ਲੱਛਣ ਖਾਲਸਾ ਫੌਜਦੇ ਸਿਪਾਹੀਆਂ ਅਫ਼ਸਰਾਂ ਨੂੰ ਤਰ੍ਹਾਂ ਤਰ੍ਹਾਂ ਦੇ ਤੋਹਫੇ ਅਤੇ ਰਿਸ਼ਵਤਾਂ ਦੇ ਕੇ ਆਪਣੇ ਧੜੇ ਨਾਲ ਸੰਬੰਧਿਤ ਕਰਨਾ ਸੀ। ਫੌਜਾਂ ਪਹਿਲਾਂ ਹੀ ਅੱਕੀਆਂ ਬੈਠੀਆਂ ਸਨ ਅਤੇ ਦੁਖੀ ਸਨ ਇਸ ਦਾ ਇਕ ਵੱਡਾ ਕਾਰਨ ਸ਼ਾਹੀ ਖਜ਼ਾਨਿਆਂ ਦੇ ਖਾਲੀ ਹੋਣ ਨਾਲ ਫੌਜ ਨੂੰ ਤਨਖਾਹ ਦਾ ਨਾ ਮਿਲਣਾ ਸੀ। ਵਿਰੋਧੀ ਧੜਿਆਂ ਦਾ ਸਰਦਾਰਾਂ ਵੱਲੋਂ ਫੌਜ ਨੂੰ ਆਪਣੇ ਵਲ ਕਰਨ ਦਾ ਅਮਲ ਅਜਿਹੀ ਪ੍ਰਕ੍ਰਿਆ ਸੀ ਜਿਸ ਦਾ ਹੋਰ ਕਾਰਨਾਂ ਦੇ ਨਾਲ-ਨਾਲ, ਸਭ ਤੋਂ ਵੱਡਾ ਕਾਰਣ ਕੇਂਦਰੀ ਸ਼ਖ਼ਸੀਅਤ ਦੁਆਲੇ ਘੁੰਮਦੀ ਸੱਤਾ ਦੀ ਅਣਹੋਂਦ ਸੀ ਅਤੇ ਜਿਸਨੇ ਹੌਲੀ-ਹੌਲੀ ਖਾਲਸਾ ਫੌਜ ਨੂੰ ਆਪਣੀ ਤਾਕਤ ਖੁਲ੍ਹ ਕੇ ਵਰਤਣ ਦੀ ਪ੍ਰੇਰਨਾ ਦਿੱਤੀ। ਅੰਤ ਵਿਚ ਇਹੋ ਪ੍ਰਕ੍ਰਿਆ ਫੌਜ ਨੂੰ ਨਿਯੰਤਰਣ ਤੋਂ ਬਾਹਰ ਲੈ ਗਈ। ਪਰ ਖਾਲਸਾ ਫੌਜ ਸਰਦਾਰਾਂ ਅਤੇ ਵਜ਼ੀਰਾਂ ਜਿਨ੍ਹਾਂ ਦੇ ਹਿੱਤ ਉਨ੍ਹਾਂ ਨਾਲ ਸਿੱਧ ਤੌਰ ਤੇ ਨਹੀਂ ਮਿਲਦੇ ਸਨ। ਖਾਸ ਕਰ ਜੀਵਨ ਨਿਰਬਾਹ ਦੇ ਹਿਤ ਤੋਂ ਹੀ ਸਵੰਤਤਰ ਹੋਈ ਸੀ ਪਰ ਉਨ੍ਹਾਂ ਨੇ ਆਪਣਾ ਜਗੀਰੂ-ਜਮਹੂਰੀ ਢਾਂਚਾ ਕਾਇਮ ਰੱਖਿਆ ਸੀ। ਸੋ ਫੌਜ ਦਾ ਖੁੱਲ੍ਹ ਦੇ ਸਰਗਰਮ ਹੋਣਾ ਅਤੇ ਨਿਯੰਤਰਣ ਤੋਂ ਬਾਹਰ ਹੋਣਾ ਵੀ ਕੇਂਦਰੀ ਸੱਤਾ ਦੀ ਅਣਹੋਂਦ ਕਾਰਨ ਹੀ ਸੀ।

ਕੁਝ ਦੇਰ ਬਾਅਦ ਦਸੰਬਰ ਦੇ ਮਹੀਨੇ ਖੜਕ ਸਿੰਘ ਨੂੰ ਮਹਿਲ ਛੱਡ ਦੇਣ ਅਤੇ ਉਸੇ ਹਵੇਲੀ ਵਿਚ ਰਹਿਣ ਲਈ ਮਜ਼ਬੂਰ ਕਰ ਦਿੱਤਾ ਗਿਆ ਜਿਥੇ ਉਹ ਰਾਜਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਰਹਿੰਦਾ ਸੀ। ਕਰਨਲ ਗਾਰਡਨਰ ਦਾ ਵਿਚਾਰ ਹੈ ਕਿ ਖੜਕ ਸਿੰਘ ਨੂੰ ਉਸ ਦੇ ਪੁੱਤਰ ਦੀ ਮਦਦ ਨਾਲ ਹੌਲੀ ਹੌਲੀ ਜ਼ਹਿਰ ਦੇ ਕੇ ਮਾਰਿਆ ਗਿਆ। 5 ਨਵੰਬਰ, 1840 ਵਿਚ ਖੜਕ ਸਿੰਘ ਦੀ ਮੌਤ ਹੋ ਗਈ। ਉਸ ਸਮੇਂ ਉਸ ਦੀ ਉਮਰ 38 ਸਾਲਾਂ ਦੀ ਸੀ। ਨੌਨਿਹਾਲ ਸਿੰਘ ਨੂੰ ਮਹਾਰਾਜਾ ਥਾਪਿਆ ਗਿਆ। ਕੰਵਲ ਨੌਨਿਹਾਲ ਸਿੰਘ ਆਪਣੇ ਪਿਤਾ ਦਾ ਸੰਸਕਾਰ ਕਰਕੇ ਵਾਪਿਸ ਆ ਰਿਹਾ ਸੀ ਕਿ ਹਜੂਰੀ ਬਾਗ ਦੇ ਦਰਵਾਜ਼ੇ ਦਾ ਸ਼ਤੀਰ ਡਿਗ ਜਾਣ ਕਾਰਣ ਉਹ ਜ਼ਖ਼ਮੀ ਹੋ ਗਏ ਅਤੇ ਥੋੜੇ ਦਿਨ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਗਾਰਡਨਰ ਅਨੁਸਾਰ ਨੌਨਿਹਾਲ ਸਿੰਘ ਜਦੋਂ ਜ਼ਖ਼ਮੀ ਹੋਇਆ ਸੀ ਤਾਂ ਉਸ ਦੇ ਸਿਰ ਵਿਚ ਸੱਟ ਲੱਗੀ ਸੀ। ਉਸ ਨੂੰ ਚੁੱਕ ਕੇ ਮਹਿਲ ਅੰਦਰ ਲੈ ਜਾਇਆ ਗਿਆ ਅਤੇ ਕਿਸੇ ਨੂੰ ਵੀ ਉਸ ਨੂੰ ਮਿਲਣ ਨਹੀਂ ਦਿੱਤਾ ਗਿਆ। ਡਾਟ ਵੀ ਜਾਣ ਬੁੱਝ ਕੇ ਡਿਗਵਾਈ ਗਈ। ਉਸ ਦਾ ਇਹ ਵੀ ਆਖਣਾ ਹੈ ਕਿ ਪਹਿਲਾਂ ਉਸ ਨੇ ਮਹਾਰਾਜੇ ਦੇ ਚਾਂਦੀ ਦੇ ਰੁਪਏ ਜਿਹਾ ਜ਼ਖ਼ਮ ਦੇਖਿਆ ਸੀ ਪਰ ਬਾਅਦ ਵਿਚ ਜਦੋਂ ਨੌਨਿਹਾਲ ਸਿੰਘ ਮਰ ਗਿਆ ਤਾਂ ਉਸ ਦੇ ਸਿਰ ਉਪਰ ਵੱਡਾ ਜ਼ਖ਼ਮ ਵੇਖਣ ਨੂੰ ਮਿਲਿਆ ਸੀ।

ਕੰਵਲ ਨੌਨਿਹਾਲ ਸਿੰਘ ਦੀ ਮੌਤ ਪਿਛੋਂ ਖੜਕ ਸਿੰਘ ਦੀ ਵਿਧਵਾ ਚੰਦ ਕੌਰ ਨੇ ਸੰਧਾਵਾਲੀਆ ਦੀ ਮਦਦ ਨਾਲ ਰਾਜ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਪਰ ਸ਼ੇਰ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਮਹਿਤਾਬ ਕੌਰ ਦਾ ਬੇਟਾ ਸੀ, ਨੇ ਖਾਲਸਾ ਫ਼ੌਜ ਦੇ ਬਹੁਤ ਸਾਰੇ ਸੈਨਿਕ ਨੂੰ ਤਨਖਾਹ ਵਧਾਉਣ ਦਾ ਲਾਲਚ ਦੇ ਕੇ ਆਪਣੇ ਨਾਲ ਮਿਲਾ ਲਿਆ ਅਤੇ ਜਨਵਰੀ, 1843 ਵਿਚ ਵਿਸ਼ਾਲ ਸੈਨਾ ਲੈ ਕੇ ਲਾਹੌਰ ਤੇ ਹਮਲਾ ਕਰ ਦਿੱਤਾ। ਮਾਈਚੰਦ ਕੌਰ ਤੇ ਗੁਲਾਬ ਸਿੰਘ ਨੇ ਦੋ ਦਿਨਾਂ ਤਕ ਸ਼ੇਰ ਸਿੰਘ ਦੀ ਸੈਨਾ ਦਾ ਮੁਕਾਬਲਾ ਕੀਤਾ ਪਰ ਧਿਆਨ ਸਿੰਘ ਨੇ ਚੰਦ ਕੌਰ ਤੇ ਸ਼ੇਰ ਸਿੰਘ ਵਿਚਕਾਰ ਸਮਝੌਤਾ ਕਰਵਾ ਦਿੱਤਾ। ਚੰਦ ਕੌਰ ਨੂੰ ਗੁਜਾਰੇ ਲਈ ਜਗੀਰ ਦੇ ਦਿੱਤੀ ਅਤੇ ਸ਼ੇਰ ਸਿੰਘ ਮਹਾਰਾਜਾ ਬਣ ਗਿਆ। ਸ਼ੇਰ ਸਿੰਘ ਨੇ ਸੈਨਿਕਾਂ ਨਾਲ ਜੋ ਤਨਖਾਹਾਂ ਵਧਾਉਣ ਦਾ ਵਾਅਦਾ ਕੀਤਾ ਸੀ ਉਹ ਉਸ ਵਾਅਦੇ ਤੋਂ ਮੁਕਰ ਗਿਆ, ਸੈਨਿਕ ਬੇਕਾਬੂ ਹੋ ਗਏ ਅਤੇ ਉਹਨਾਂ ਨੇ ਲੁੱਟ ਖਸੁੱਟ ਕਰਨੀ ਸ਼ੁਰੂ ਕਰ ਦਿੱਤੀ। ਸ਼ੇਰ ਸਿੰਘ ਦੇ ਰਾਜਾ ਬਣਨ ਤੋਂ ਬਾਅਦ ਉਸ ਦਾ ਸੰਧਾਵਾਲੀਆ ਸਰਦਾਰਾਂ ਨਾਲ ਝਗੜਾ ਹੋ ਗਿਆ। ਅਜੀਤ ਸਿੰਘ ਸੰਧਾਵਾਲੀਆ ਨੇ ਇੱਕ ਦਿਨ ਮੌਕਾ ਤਾੜ ਕੇ ਸ਼ੇਰ ਸਿੰਘ ਦੀ ਛਾਤੀ ਵਿਚ ਗੋਲੀ ਮਾਰ ਦਿੱਤੀ। ਬਾਅਦ ਧਿਆਨ ਸਿੰਘ ਦਾ ਵੀ ਕਤਲ ਕਰ ਦਿੱਤਾ। ਇਸ ਤਰ੍ਹਾਂ ਸ਼ੇਰ ਸਿੰਘ ਦਾ ਰਾਜਕਾਲ, ਜੋ ਹਿੰਸਾ ਨਾਲ ਆਰੰਭ ਹੋਇਆ ਸੀ, ਹਿੰਸਾ ਰਾਹੀਂ ਹੀ ਸਮਾਪਤ ਹੋ ਗਿਆ। ਉਸ ਦੋ ਵਰ੍ਹੇ ਅਤੇ ਅੱਠ ਮਹੀਨਿਆਂ ਦੇ ਸੰਖੇਪ ਜਿਹੇ ਰਾਜਕਾਲ ਵਿਚ ਜੋ ਘਟਨਾਵਾਂ ਵਾਪਰੀਆਂ ਉਨ੍ਹਾਂ ਨੇ ਬੜੀ ਤੇਜ਼ੀ

ਨਾਲ ਸਿੱਖ ਰਾਜ ਨੂੰ ਤਬਾਹੀ ਵੱਲ ਧੱਕ ਦਿੱਤਾ।

ਜਦੋਂ ਹੀਰਾ ਸਿੰਘ ਨੂੰ ਖਬਰ ਮਿਲੀ ਕਿ ਉਸ ਦੇ ਪਿਤਾ ਰਾਜਾ ਧਿਆਨ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ ਤਾਂ ਉਸ ਨੂੰ ਬਹੁਤ ਰੋਹ ਚੜ੍ਹਿਆ। ਉਸ ਨੈ ਸੈਨਿਕਾਂ ਨੂੰ ਸੰਧਾਵਾਲੀਏ ਸਰਦਾਰਾਂ ਵਿਰੁੱਧ ਇਹ ਕਹਿ ਕੇ ਭੜਕਾਇਆ ਕਿ ਉਹ ਅੰਗਰੇਜ਼ਾਂ ਨਾਲ ਮਿਲੇ ਹੋਏ ਹਨ ਅਤੇ ਸਿੱਖ ਰਾਜ ਨੂੰ ਅੰਗਰੇਜ਼ਾਂ ਅਧੀਨ ਕਰ ਦੇਣ ਦੇ ਯਤਨ ਕਰ ਰਹੇ ਹਨ। ਉਸ ਨੇ ਸੈਨਾ ਦੀ ਤਨਖਾਹ ਵਧਾ ਦੇਣ ਦਾ ਲਾਲਚ ਦੇ ਕੇ ਆਪਣੇ ਨਾਲ ਗੰਢ ਲਿਆ। 16 ਸਤੰਬਰ, 1843 ਈ. ਨੂੰ ਰਾਤ ਸਮੇਂ 40,000 ਸਿੱਖ ਸੈਨਿਕ ਨੇ ਤੋਪਾਂ ਨਾਲ ਲੈ ਕੇ ਲਾਹੌਰ ਦੇ ਕਿਲ੍ਹੇ ਉੱਤੇ ਧਾਵਾ ਬੋਲ ਦਿੱਤਾ। ਅਗਲੇ ਦਿਨ ਸਵੇਰ ਤੱਕ ਲਹਿਣਾ ਸਿੰਘ, ਅਜੀਤ ਸਿੰਘ ਅਤੇ ਉਨ੍ਹਾਂ ਦੇ ਸੈਂਕੜੇ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਸ ਕਤਲੇਆਮ ਤੋਂ ਬਾਅਦ ਮਹਾਰਾਜਾ ਸਿੰਘ ਜੀ ਸਭ ਤੋਂ ਛੋਟੀ ਪਤਨੀ ਰਾਣੀ ਜਿੰਦਾ ਦੇ ਨਾਬਾਲਗ ਲੜਕੇ ਦਲੀਪ ਸਿੰਘ ਨੂੰ ਗੱਦੀ ਤੇ ਬਿਠਾਇਆ ਗਿਆ ਅਤੇ ਉਸ ਦੀ ਮਾਂ ਜਿੰਦਾ ਸਰਪ੍ਰਸਤ ਬਣ ਗਈ। ਹੀਰਾ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਦਿਤਾ। ਰਾਣੀ ਜਿੰਦਾ ਦੇ ਭਰਾ ਜਵਾਹਰ ਸਿੰਘ ਨੇ 21 ਦਸੰਬਰ, 1844 ਨੂੰ ਹੀਰਾ ਸਿੰਘ ਦਾ ਕਤਲ ਕਰਵਾ ਦਿੱਤਾ। ਹੀਰਾ ਸਿੰਘ ਦੇ ਕਤਲ ਤੋਂ ਬਾਅਦ ਜਵਾਹਰ ਸਿੰਘ ਪ੍ਰਧਾਨ ਮੰਤਰੀ ਬਣ ਗਿਆ। ਜਵਾਹਰ ਸਿੰਘ ਨੇ ਰਣਜੀਤ ਸਿੰਘ ਦੇ ਪੁੱਤਰ ਪਸ਼ੋਰਾ ਸਿੰਘ ਦਾ ਵੀ ਕਤਲ ਕਰਵਾ ਦਿੱਤਾ ਜਿਸ ਨਾਲ ਖਾਲਸਾ ਫੌਜ ਭੜਕ ਉਠੀ ਉਨ੍ਹਾਂ ਨੇ ਜਵਾਹਰ ਸਿੰਘ ਦਾ ਕਤਲ ਕਰ ਦਿੱਤਾ। ਜਵਾਹਰ ਸਿੰਘ ਦੇ ਕਤਲ ਤੋਂ ਬਾਅਦ ਕੁਝ ਚਿਰ ਲਈ ਕੋਈ ਵੀ ਪ੍ਰਧਾਨ ਮੰਤਰੀ ਬਣਨ ਲਈ ਤਿਆਰ ਨਹੀਂ ਹੋਇਆ। ਪਰ ਰਾਣੀ ਜਿੰਦਾ ਨੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਅਤੇ ਤੇਜ ਸਿੰਘ ਨੂੰ ਪ੍ਰਧਾਨ ਸੈਨਾਪਤੀ ਬਣਨ ਲਈ ਮਨਾ ਲਿਆ।

2. ਮਹਾਰਾਜਾ ਰਣਜੀਤ ਸਿੰਘ ਪਿਛੋਂ ਸਿੱਖ ਸੈਨਾ –

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਪੰਜਾਬ ਵਿਚ ਫੈਲੀ ਅਵਿਵਸਥਾ ਤੇ ਅਰਾਜਕਤਾ, ਜਿਸ ਦਾ ਉਪਰ ਵਰਣਨ ਕੀਤਾ ਜਾ ਚੁੱਕਿਆ ਹੈ, ਤੋਂ ਅੰਗਰੇਜ਼ਾਂ ਨੇ ਪੂਰਾ ਲਾਭ ਉਠਾਉਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਫਿਰੋਜ਼ਪੁਰ, ਲੁਧਿਆਣਾ ਆਦਿ ਲਾਹੌਰ ਰਾਜ ਦੀਆਂ ਨੇੜੇ ਤੇੜੇ ਦੀਆਂ ਮਹੱਤਵਪੂਰਨ ਥਾਵਾਂ ਤੇ ਆਪਣੀ ਸੈਨਿਕ ਸ਼ਕਤੀ ਵਧਾ ਲਈ ਅਤੇ ਲਾਹੌਰ ਰਾਜ ਉਪਰ ਅਧਿਕਾਰ ਜਮਾਉਣ ਦੀਆਂ ਯੋਜਨਾਵਾਂ ਬਣਾਉਣ ਲੱਗੇ। 1843 ਈ. ਵਿਚ ਸਿੰਧ ਨੂੰ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਲ ਕਰਨ ਪਿਛੋਂ ਅੰਗਰੇਜ਼ ਗਵਰਨਰ ਜਨਰਲ ਲਾਰਡ ਐਲਨਬਰਾ ਨੇ ਸਿੱਖਾਂ ਨਾਲ ਯੁੱਧ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆ, ਪਰ ਉਸ ਨੂੰ ਛੇਤੀ ਹੀ ਪਿਛੋਂ ਵਾਪਸ ਇੰਗਲੈਂਡ ਬੁਲਾ ਲਿਆ ਗਿਆ। ਲਾਰਡ ਐਲਨਬਰਾ ਦੀ ਥਾਂ ਲਾਰਡ ਹਾਰਡਿੰਗ ਨੂੰ, ਜੋ ਕਿ ਬਹਾਦਰ ਯੋਧਾ ਤੇ ਸੁਯੋਗ ਸੈਨਾ ਨਾਇਕ ਦੇ ਰੂਪ ਵਿਚ ਪ੍ਰਸਿੱਧ ਸੀ, ਭਾਰਤ ਦਾ ਗਵਰਨਰ ਜਨਰਲ ਥਾਪਿਆ ਗਿਆ। ਉਸ ਨੇ ਐਲਨਬਰਾ ਦੀ ਨੀਤੀ ਤੇ ਚਲਦਿਆਂ ਹੋਇਆਂ ਸਿੱਖਾਂ ਵਿਰੁੱਧ ਯੁੱਧ ਕਰਨ ਦੀਆਂ ਤਿਆਰੀਆਂ ਜਾਰੀ ਰੱਖੀਆਂ। ਦੂਜੇ ਪਾਸੇ ਸਿੱਖ ਸੈਨਾ, ਜਿਸ ਦੀ ਸ਼ਕਤੀ ਲਾਹੌਰ ਰਾਜ ਵਿਚ ਬਹੁਤ ਵੱਧ ਹੋ ਗਈ ਸੀ। ਅੰਗਰੇਜ਼ਾਂ ਦੀਆਂ ਸਾਮਰਾਜਵਾਦੀ ਯੋਜਨਾਵਾਂ ਕਾਰਣ ਉਨ੍ਹਾਂ ਦੇ ਵਿਰੁੱਧ ਹੋ ਗਈ ਸੀ। ਲਾਲ ਸਿੰਘ ਤੇ ਤੇਜ ਸਿੰਘ ਨੇ ਵੀ ਸਿੱਖ ਸੈਨਾ ਨੂੰ ਆਪਣੇ ਸਵਾਰਥ ਸਿੱਧੀ ਲਈ ਅੰਗਰੇਜ਼ਾਂ ਵਿਰੁੱਧ ਭੜਕਾਇਆ ਸੀ ਅਤੇ ਉਨ੍ਹਾਂ ਨੂੰ ਸਤਲੁਜ ਦਰਿਆ ਪਾਰ ਕਰਨ ਦਾ ਹੁਕਮ ਦਿੱਤਾ। ਇਸ ਪ੍ਰਕਾਰ ਦਸੰਬਰ, 1845 ਈ: ਵਿਚ ਪਹਿਲਾ ਐਂਗਲੋ-ਸਿੱਖ ਯੁੱਧ ਹੋਇਆ ਜੋ ਫਰਵਰੀ, 1846 ਈਂ ਤੱਕ ਚਲਦਾ ਰਿਹਾ। ਇਸ ਯੁੱਧ ਵਿਚ ਸਿੱਖ ਸੈਨਾਨਾਇਕ ਗੱਦਾਰ ਸਿੱਧ ਹੋਏ ਜਿਸ ਕਾਰਣ ਸਿੱਖ ਸੈਨਾ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸ ਯੁੱਧ ਪਿਛੋਂ ਵੀ ਲਾਰਡ ਹਾਰਡਿੰਗ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਲ ਕਰਨਾ ਉਚਿਤ ਨਾ ਸਮਝਿਆ। ਉਸ ਨੇ ਕੇਵਲ ਸਤਲੁਜ ਤੇ ਬਿਆਸ ਦਰਿਆਵਾਂ ਵਿਚਕਾਰਲੇ ਇਲਾਕਿਆਂ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰ ਲਿਆ। ਕੁਝ ਸਮੇਂ ਪਿਛੋਂ ਰਾਣੀ ਜਿੰਦਾ ਨੂੰ ਰਾਜ ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ ਅਤੇ ਪ੍ਰਸ਼ਾਸ਼ਨ ਦੀ ਸਰਵਉੱਚ ਸ਼ਕਤੀ ਬ੍ਰਿਟਿਸ਼ ਰੈਜੀਡੈਂਟ ਨੂੰ ਸੌਂਪ ਦਿੱਤੀ ਗਈ।

ਲਾਡਰ ਹਾਰਡਿੰਗ ਦੇ ਪਿੱਛੋਂ ਜਨਵਰੀ, 1848 ਵਿਚ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ ਜਨਰਲ ਬਣਿਆ। ਉਹ ਪਹਿਲੇ ਦਰਜੇ ਦਾ ਸਾਮਰਾਜਵਾਦੀ ਸੀ ਜੋ ਵੱਧ ਤੋਂ ਵੱਧ ਇਲਾਕਿਆ ਨੂੰ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਿਲ ਕਰਨ ਦੀ ਨੀਤੀ ਉੱਤੇ ਵਿਸ਼ਵਾਸ ਕਰਦਾ ਸੀ। ਉਸ ਨੇ ਲਾਹੌਰ ਵਿਖੇ ਬ੍ਰਿਟਿਸ਼ ਰੈਜੀਡੈਂਟ ਨਾਲ ਸਲਾਹ ਕਰਨ ਦੀ ਯੋਜਨਾ ਬਣਾਈ। ਮੁਲਤਾਨ ਤੇ ਹਜ਼ਾਰੇ ਵਿਚ ਹੋਈਆਂ ਬਗਾਵਤਾਂ ਕਰਕੇ ਉਸ ਨੂੰ ਆਪਣੀ ਯੋਜਨਾ ਨੂੰ ਅਮਲੀ ਰੂਪ ਦੇਣ ਦਾ ਬਹਾਨਾ ਮਿਲ ਗਿਆ। ਇਸ ਲਈ ਨਵੰਬਰ, 1848 ਈ. ਵਿਚ ਯੁੱਧ ਆਰੰਭ ਕਰ ਦਿੱਤਾ। ਇਸ ਨੂੰ ਦੂਜਾ ਐਂਗਲੋ-ਸਿੱਖ ਯੁੱਧ ਕਿਹਾ ਜਾਂਦਾ ਹੈ।

ਸਿੱਖਾਂ ਅਤੇ ਅੰਗਰੇਜ਼ਾਂ ਵਿਚ ਹੋਈਆਂ ਦੋ ਲੜਾਈ ਵਿਚ ਕਈ ਝੜੱਪਾਂ ਅਤੇ ਕਈ ਲੜਾਈਆਂ ਹੋਈਆਂ। ਪਹਿਲੀ ਐਂਗਲੋ-ਸਿੱਖ ਜੰਗ ਦੌਰਾਨ ਮੁੱਦਕੀ ਦੀ ਲੜਾਈ, ਫਿਰੋਜ਼ਸ਼ਾਹ ਦੀ ਲੜਾਈ, ਬੱਦੋਵਾਲ, ਅਲੀਵਾਲ ਅਤੇ ਸਭਰਾਓ ਦੀਆਂ ਲੜਾਈਆਂ ਮੁੱਖ ਹਨ। ਸਭਰਾਓ ਦੀ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ, ਅੰਗਰੇਜ਼ ਸੈਨਾ ਨੇ ਸਤਲੁਜ ਦਰਿਆ ਪਾਰ ਕਰ ਲਿਆ ਅਤੇ 12

ਫਰਵਰੀ, 1846 ਨੂੰ ਕਸੂਰ ਕਿਲ੍ਹੇ ਉਤੇ ਅਧਿਕਾਰ ਜਮਾ ਲਿਆ। ਖਾਲਸਾ ਫੌਜਾ ਅੰਮ੍ਰਿਤਸਰ ਤੱਕ ਪਿੱਛੇ ਹੱਟ ਗਈ। ਲਾਹੌਰ ਵਿਚ ਪ੍ਰਮੁੱਖ ਦਰਬਾਰੀਆਂ ਦੀ ਸਭਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਰਾਜਾ ਗੁਲਾਬ ਸਿੰਘ ਅੰਗਰੇਜ਼ਾਂ ਨਾਲ ਜੋ ਵੀ ਸੰਧੀ ਕਰੇਗਾ ਉਹ ਲਾਹੌਰ ਦਰਬਾਰ ਨੂੰ ਮਨਜ਼ੂਰ ਹੋਵੇਗੀ। ਰਾਜਾ ਗੁਲਾਬ ਸਿੰਘ ਨੇ ਅੰਗਰੇਜ਼ਾਂ ਨਾਲ ਗੱਲਬਾਤ ਕਰਨ ਤੋਂ ਬਾਅਦ 9 ਮਾਰਚ, 1846 ਨੂੰ ਸੰਧੀ ਉਤੇ ਦਸਤਖਤ ਕਰ ਦਿੱਤੇ। ਅੰਗਰੇਜ਼ਾਂ ਵੱਲੋਂ ਇਸ ਸੰਧੀ ਉਤੇ ਫਰੈਡਰਿਕ ਕੱਰੀ ਤੇ ਹੈਨਰੀ ਲਾਰੈਂਸ ਨੇ ਦਸਤਖਤ ਕੀਤੇ। ਇਸ ਸੰਧੀ ਨਾਲ ਖਾਲਸਾ ਰਾਜ ਨੂੰ ਬਹੁਤ ਨੁਕਸਾਨ ਹੋਇਆ। ਸਤਲੁਜ ਤੇ ਬਿਆਸ ਦਰਿਆਵਾਂ ਵਿਚਕਾਰਲਾ ਇਲਾਕਾ ਜਿਸ ਨੂੰ ਜਲੰਧਰ ਦੁਆਬ ਕਿਹਾ ਜਾਂਦਾ ਸੀ, ਜਿਸ ਵਿਚ ਜਲੰਧਰ, ਹੁਸ਼ਿਆਰਪੁਰ ਅਤੇ ਕਾਂਗੜਾ ਦੇ ਪ੍ਰਦੇਸ਼ ਸਨ, ਸਾਰਾ ਅੰਗਰੇਜ਼ਾਂ ਦੇ ਅਧੀਨ ਚਲਾ ਗਿਆ। ਸਿੱਖਾਂ ਦੀ ਫੌਜੀ ਸ਼ਕਤੀ ਘਟਾ ਕੇ 12 ਹਜ਼ਾਰ ਘੋੜ ਸੈਨਾ ਅਤੇ 20 ਹਜ਼ਾਰ ਪੈਦਲ ਸੈਨਾ ਨਿਸ਼ਚਿਤ ਕਰ ਦਿੱਤੀ ਗਈ। ਅੰਗਰੇਜ਼ਾਂ ਨੇ ਯੁੱਧ ਦੇ ਹਰਜ਼ ਵਜੋਂ ਡੇਢ ਕਰੋੜ ਰੁਪਏ ਲਾਹੌਰ ਦਰਬਾਰ ਤੋਂ ਲੈਣੇ ਕਰ ਲਏ, ਪਰ ਲਾਹੌਰ ਦਰਬਾਰ ਤੋਂ ਲੈਣੇ ਕਰ ਲਏ ਪਰ ਲਾਹੌਰ ਸਰਕਾਰ ਇੰਨੀ ਭਾਰੀ ਰਕਮ ਦੇਣ ਵਿਚ ਅਸਮਰਥ ਸੀ। ਇਸ ਲਈ ਇਕ ਕਰੋੜ ਰੁਪਏ ਦੇ ਬਦਲੇ ਵਿਚ ਕਸ਼ਮੀਰ ਦਾ ਇਲਾਕਾ ਦੇ ਦਿੱਤਾ ਅਤੇ 50 ਲੱਖ ਰੁਪਏ ਦਾ ਵਚਨ ਦਿੱਤਾ।

ਅੰਗਰੇਜ਼ਾਂ ਨੇ ਤੇਜ ਸਿੰਘ ਅਤੇ ਲਾਲ ਸਿੰਘ ਸਿੱਖਾਂ ਨਾਲ ਗੱਦਾਰੀ ਕਰਨ ਦੇ ਇਨਾਮ ਵਜੋਂ ਤੇਜ ਸਿੰਘ ਸੈਨਾ ਦਾ ਮੁੱਖ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਇਨ੍ਹਾਂ ਵਿਸ਼ਵਾਸਘਾਤੀ ਸਰਦਾਰਾਂ ਨੇ ਬ੍ਰਿਟਿਸ਼ ਸਰਕਾਰ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਸੁਰੱਖਿਆ ਲਈ ਅੰਗਰੇਜ਼ ਸੈਨਾ ਲਾਹੌਰ ਵਿੱਚ ਰਹੇ। ਇਸ ਲਈ 11 ਮਾਰਚ, 1846 ਨੂੰ ਇਕ ਸੰਧੀ ਕੀਤੀ ਗਈ, ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ, ਰਾਣੀ ਜਿੰਦਾ ਅਤੇ ਹੋਰ ਲਾਹੌਰ ਨਿਵਾਸੀਆਂ ਦੀ ਰੱਖਿਆ ਲਈ ਕਾਫੀ ਗਿਣਤੀ ਵਿਚ ਅੰਗਰੇਜ਼ ਸੈਨਾ ਨੇ 1846 ਦੇ ਅੰਤਰ ਤਕ ਲਾਹੌਰ ਵਿਚ ਰਹਿਣਾ ਸੀ। ਇਸ ਤਰ੍ਹਾਂ 9 ਮਾਰਚ ਅਤੇ 11 ਮਾਰਚ, 1846 ਦੀਆਂ ਸੰਧੀਆਂ ਰਾਹੀਂ ਅੰਗਰੇਜ਼ਾਂ ਨੇ ਲਾਹੌਰ ਨੂੰ ਸੈਨਿਕ ਅਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੱਤਾ।

ਚਿੱਲੀਆਂਵਾਲਾ ਦੀ ਲੜਾਈ ਦੂਜੇ ਐਂਗਲੋ-ਸਿੱਖ ਯੁੱਧ ਦੌਰਾਨ ਹੋਈ ਸੀ। ਇਹ ਯੁੱਧ 1848-49 ਈ. ਵਿੱਚ ਹੋਇਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਯੁੱਧ ਦਾ ਪ੍ਰਮੁੱਖ ਕਾਰਣ ਅੰਗਰੇਜ਼ਾਂ ਦੀ ਸਾਮਰਾਜਵਾਦੀ ਨੀਤੀ ਸੀ। ਅੰਗਰੇਜ਼ ਲਾਹੌਰ ਰਾਜ ਨੂੰ ਹੜੱਪ ਕਰਨਾ ਚਾਹੁੰਦੇ ਸਨ। ਲਾਰਡ ਡਲਹੌਜੀ, ਜੋ ਜਨਵਰੀ, 1848 ਈ. ਵਿਚ ਬ੍ਰਿਟਿਸ਼ ਭਾਰਤ ਦਾ ਗਵਰਨਰ ਜਨਰਲ ਬਣਿਆ, ਇਕ ਬਹੁਤ ਵੱਡਾ ਸਾਮਰਾਜੀ ਸੀ। ਗਵਰਨਰ ਜਨਰਲ ਬਣਨ ਤੋਂ ਕੁਝ ਸਮੇਂ ਪਿਛੋਂ ਹੀ ਉਸਨੇ ਸਿੱਖਾਂ ਨਾਲ ਯੁੱਧ ਕਰਨ ਦਾ ਬਹਾਨਾ ਲੱਭ ਲਿਆ। ਵਾਸਤਵ ਵਿਚ ਪਹਿਲੇ ਐਂਗਲੋ ਸਿੱਖ ਯੁੱਧ ਦੀ ਸਮਾਪਤੀ ਦੇ ਸਮੇਂ ਤੋਂ ਹੀ ਸਿੱਖ ਅੰਗਰੇਜ਼ਾਂ ਦੀਆਂ ਅਨੁਚਿਤ ਨੀਤੀਆਂ ਤੇ ਕਾਰਵਾਈਆਂ ਕਾਰਣ ਉਨ੍ਹਾਂ ਦੇ ਵਿਰੁੱਧ ਹੁੰਦੇ ਜਾ ਰਹੇ ਸਨ। ਇਸ ਜੰਗ ਦੇ ਮੁੱਖ ਕਾਰਨ ਸਿੱਖਾਂ ਵਿਚ ਬਦਲੇ ਦੀ ਭਾਵਨਾ, ਸਿੱਖ ਸੈਨਿਕਾਂ ਦੀ ਗਿਣਤੀ ਤੇ ਤਨਖਾਹ ਘਟਾਉਣਾ, ਗਊ ਸਬੰਧੀ ਝਗੜਾ, ਮਹਾਰਾਣੀ ਜਿੰਦਾ ਪ੍ਰਤੀ ਕਾਰਵਾਈ ਮੁਲਤਾਨ ਦਾ ਵਿਦਰੋਹ ਅਤੇ ਭਾਈ ਮਹਾਰਾਜ ਸਿੰਘ ਦੀ ਬਗਾਵਤ ਸੀ।



3. ਚਿੱਲੀਆਂਵਾਲਾ ਦੀ ਲੜਾਈ:

22 ਨਵੰਬਰ, 1848 ਦੀ ਰਾਮ ਨਗਰ ਦੀ ਲੜਾਈ ਵਿੱਚ ਅੰਗਰੇਜ਼ ਕਾਮਯਾਬ ਨਾ ਹੋ ਸਕੇ। ਉਸ ਤੋਂ ਬਾਅਦ ਅੰਗਰੇਜ਼ ਫੌਜ ਨੇ ਜਨਰਲ ਬੈਕਵੈਲ ਦੀ ਅਗਵਾਈ ਹੇਠ ਹਜ਼ਾਰ ਸੈਨਿਕਾਂ ਨੇ ਚਨਾਬ ਦਰਿਆ ਵਜ਼ੀਦਾਬਾਦ ਦੇ ਸਥਾਨ ਤੋਂ ਪਾਰ ਕਰ ਲਿਆ। ਸਫੁਲਪੁਰ ਸਥਾਨ ਤੇ ਦੁਬਾਰਾ ਫਿਰ ਸ਼ੇਰ ਸਿੰਘ ਅਤੇ ਜਨਰਲ ਬੈਕਵੈਲ ਦੀ ਫੌਜ ਵਿਚ ਗੋਲਾਬਾਰੀ ਸ਼ੁਰੂ ਹੋ ਗਈ। ਸ਼ੇਰ ਸਿੰਘ ਨੂੰ ਇਹ ਡਰ ਸੀ ਕਿ ਜੇ ਹਿਉਗ ਗਫ ਨੇ ਵੀ ਦਰਿਆ ਪਾਰ ਕਰ ਲਿਆ ਤਾਂ ਉਹ ਘਿਰ ਜਾਵੇਗਾ, ਇਸ ਲਈ ਉਹ ਪਿਛਾਂਹ ਵਲ ਨੂੰ ਹਟਣ ਲਗ ਪਿਆ ਅਤੇ ਦਰਿਆ ਜਿਹਲਮ ਪਾਰ ਕਰਕੇ ਚਿੱਲੀਆਂਵਾਲਾ ਵੱਲ ਨੂੰ ਅੱਗੇ ਵੱਧਣ ਲੱਗ ਪਿਆ।

ਦੂਜੇ ਪਾਸੇ ਸ਼ੇਰ ਸਿੰਘ ਦੇ ਪਿਤਾ ਚਤਰ ਸਿੰਘ ਨੇ ਜਨਵਰੀ, 1849 ਦੇ ਪਹਿਲੇ ਹਫਤੇ ਵਿਚ ਅੰਗਰੇਜ਼ ਲੈਫਟੀਨੈਂਟ ਹਰਬਟ ਨੂੰ ਹਰਾ ਕੇ ਉਸ ਤੋਂ ਅਟਕ ਦਾ ਕਿਲ੍ਹਾ ਜਿੱਤ ਲਿਆ ਸੀ। ਅੱਟਕ ਦੀ ਹਾਰ ਤੋਂ ਬਾਅਦ ਗਵਰਨਰ ਜਨਰਲ ਲਾਰਡ ਡਲਹੌਜੀ ਨੇ ਹਿਊਸ ਗਫ ਨੂੰ ਜਲਦੀ ਸ਼ੇਰ ਸਿੰਘ ਦੀ ਫੌਜ ਉਤੇ ਹਮਲਾ ਕਰਨ ਲਈ ਕਿਹਾ ਤਾਂ ਜੋ ਚਤਰ ਸਿੰਘ ਆਪਣੇ ਬੇਟੇ ਸ਼ੇਰ ਸਿੰਘ ਦੀ ਮਦਦ ਨਾ ਕਰ ਸਕੇ। ਲਾਰਡ ਡਲਹੌਜੀ ਨੂੰ ਇਹ ਵੀ ਡਰ ਸੀ ਕਿ ਕਿਤੇ ਅਫਗਾਨ ਵੀ ਸ਼ੇਰ ਸਿੰਘ ਦੀ ਮਦਦ ਲਈ ਨਾ ਆ ਜਾਣ ਕਿਉਂਕਿ ਚਤਰ ਸਿੰਘ ਅਫਗਾਨਾਂ ਨਾਲ ਵੀ ਗੱਲਬਾਤ ਕਰ ਰਿਹਾ ਸੀ।

ਹਿਉਗ ਗਫ ਨੇ ਆਪਣੀ ਸੈਨਾ ਲੈ ਕੇ 12 ਜਨਵਰੀ, 1849 ਨੂੰ ਚਿੱਲੀਆਂਵਾਲਾ ਤੋਂ 12-13 ਕਿਲੋਮੀਟਰ ਦੂਰ ਡਿੰਘੀ ਨਾਮੀਂ ਸਥਾਨ ਤੇ ਪਹੁੰਚ ਗਿਆ ਤਾਂ ਜੋ ਸ਼ੇਰ ਸਿੰਘ ਦੀ ਫੌਜ ਨੂੰ ਚਤਰ ਸਿੰਘ ਦੀ ਮਦਦ ਮਿਲਣ ਤੋਂ ਪਹਿਲਾਂ ਹੀ ਹਰਾ ਦਿੱਤਾ ਜਾਵੇ। ਡਿੰਘੀ ਵਿਖੇ ਅੰਗਰੇਜ਼ ਸੈਨਾ ਦੀ ਗਿਣਤੀ 12 ਹਜ਼ਾਰ ਤੋਂ ਜ਼ਿਆਦਾ ਸੀ ਅਤੇ ਉਨ੍ਹਾਂ ਕੋਲ 60 ਤੋਪਾਂ ਵੀ ਸਨ।

ਖ਼ਾਲਸਾ ਫੌਜ ਪਹਿਲਾਂ ਹੀ ਚਿੱਲੀਆਂਵਾਲਾ ਪਹੁੰਚ ਚੁੱਕੀ ਸੀ ਅਤੇ ਪੂਰੀ ਤਰ੍ਹਾਂ ਮੋਰਚਾਬੰਦ ਸੀ। ਖਾਲਸਾ ਫੌਜ ਲਗਭਗ 6 ਮੀਲ ਤੱਕ ਚਿੱਲੀਆਂਵਾਲਾ ਦੇ ਮੈਦਾਨ ਵਿਚ ਫੈਲੀ ਹੋਈ ਸੀ। ਸ਼ੇਰ ਸਿੰਘ ਕੇਂਦਰ ਵਿਚ ਦੀ ਕਮਾਨ ਕਰ ਰਿਹਾ ਸੀ। ਖਾਲਸਾ ਫੌਜ ਦੀ ਕੁਲ ਗਿਣਤੀ 23 ਹਜ਼ਾਰ ਦੇ ਕਰੀਬ ਸੀ ਅਤੇ 62 ਤੋਪਾਂ ਵੀ ਸਨ, ਜੋ ਮੁਹਰਲੇ ਪਾਸੇ ਲਗਾਈਆਂ ਗਈਆਂ ਸਨ।

3.1 ਅੰਗਰੇਜ਼ ਸੈਨਾ 13 ਜਨਵਰੀ 1849 ਨੂੰ ਸਵੇਰੇ ਹੀ ਡਿੰਘੀ ਤੋਂ ਚਿੱਲੀਆਂਵਾਲਾ ਨੂੰ ਅੱਗੇ ਵੱਧਣ ਲੱਗੀ। ਜਦੋਂ ਅੰਗਰੇਜ਼ ਸੈਨਾ ਚਿੱਲੀਆਂਵਾਲਾ ਪਹੁੰਚੀ ਤਾਂ ਖਾਲਸਾ ਸੈਨਾ ਲੜਾਈ ਲਈ ਪਹਿਲਾਂ ਹੀ ਕਾਫ਼ੀ ਅੱਗੇ ਵੱਧ ਆਈ ਸੀ। ਅੰਗਰੇਜ਼ ਸੈਨਾਪਤੀ ਹਿਉਗ ਗਫ ਦਾ ਵਿਚਾਰ ਸੀ ਕਿ ਲੜਾਈ ਸ਼ੁਰੂ ਕਰਨ ਤੋਂ ਪਹਿਲਾਂ ਖਾਲਸਾ ਫੌਜ ਦੀ ਸਹੀ ਸਥਿਤੀ ਬਾਰੇ ਪਤਾ ਲਾ ਲਿਆ ਜਾਵੇ ਕਿਉਂਕਿ ਉਹ ਸਾਰਾ ਇਲਾਕਾ ਝਾੜੀਆਂ ਨਾਲ ਭਰਿਆ ਪਿਆ ਸੀ ਜਿਸ ਕਾਰਨ ਹਿਉਗ ਗਫ ਖਾਲਸਾ ਫੌਜ ਦੀ ਮੋਰਚਾਬੰਦੀ ਦਾ ਠੀਕ ਅੰਦਾਜ਼ਾ ਨਹੀਂ ਲਗਾ ਸਕਿਆ। ਪਰ ਦੂਜੇ ਪਾਸੇ ਖਾਲਸਾ ਫੌਜ ਲੜਾਈ 13 ਜਨਵਰੀ ਨੂੰ ਹੀ ਕਰਨਾ ਚਾਹੁੰਦੀ ਸੀ। ਇਸ ਲਈ ਸ਼ੇਰ ਸਿੰਘ ਨੇ ਖਾਲਸਾ ਫੌਜ ਨੂੰ ਗੋਲਾਬਾਰੀ ਕਰਨ ਦਾ ਹੁਕਮ ਦਿੱਤਾ। ਇਸ ਤਰ੍ਹਾਂ ਮਜ਼ਬੂਰ ਹੋ ਕੇ ਹਿਉਗ ਗਫ ਨੂੰ ਵੀ ਗੋਲਾਬਾਰੀ ਕਰਨੀ ਪਈ। ਖਾਲਸਾ ਫੌਜ ਅੰਗਰੇਜ਼ ਫੌਜ ਨੂੰ ਭੜਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਗਈ। ਪਰ ਖਾਲਸਾ ਫੌਜ ਆਪਣੇ ਮੋਰਚੇ ਵਿਚ ਜਮੀ ਬੈਠੀ ਰਹੀ ਅਤੇ ਅੰਗਰੇਜ਼ ਫੌਜ ਨੂੰ ਪਹਿਲਾਂ ਹਮਲਾ ਕਰਨ ਲਈ ਗੋਲਾਬਾਰੀ ਕਰਕੇ ਭੜਕਾਉਂਦੀ ਰਹੀ।

ਆਖ਼ਿਰ ਅੰਗਰੇਜ਼ ਸੈਨਾਪਤੀ ਹਿਉਗ ਗਫ ਨੇ 13 ਜਨਵਰੀ ਨੂੰ ਹਮਲਾ ਕਰਨ ਦਾ ਫੈਸਲਾ ਕੀਤਾ। ਸੱਜੇ ਪਾਸੇ ਵੀ ਜਨਰਲ ਗਿਲਬਰਟ ਨੇ ਕਮਾਨ ਕਰਨੀ ਸੀ, ਖੱਬੇ ਪਾਸੇ ਵੱਲੋਂ ਜਨਰਲ ਕੈਲਨ ਕਮਾਨ ਕਰ ਰਿਹਾ ਸੀ ਅਤੇ ਕੇਂਦਰ ਵਿਚ ਮੇਜਰ ਹੋਰਸਫੋਰਡ ਅਧੀਨ ਤੋਪਖਾਨਾ ਤੈਨਾਤ ਕੀਤਾ ਗਿਆ ਸੀ। ਹਿਉਗ ਗਫ ਨੇ ਆਪਣੀ ਸੈਨਾ ਖਾਲਸਾ ਫੌਜ ਦੇ ਸਮਾਨਅੰਤਰ ਤਰਤੀਬ ਦੇਣ ਤੋਂ ਬਾਅਦ 3 ਵਜੇ ਦੇ ਕਰੀਬ ਹਮਲਾ ਕੀਤਾ, ਖੱਬੇ ਪਾਸੇ ਦੀ ਫੌਜ ਜੋ ਜਨਰਲ ਕੈਲਨ ਕੈਮਬੈਲ ਦੀ ਕਮਾਨ ਹੇਠ ਸੀ ਨੇ ਸਭ ਤੋਂ ਪਹਿਲਾਂ ਖਾਲਸਾ ਫੌਜ ਉੱਤੇ ਹਮਲਾ ਕੀਤਾ। ਪਰ ਜਦੋਂ ਅੰਗਰੇਜ਼ ਫੌਜ ਦੀ ਪਹਿਲੀ ਟੁਕੜੀ ਅੱਗੇ ਵਧੀ ਤਾਂ ਉਹ ਖਿੰਡ ਪੁੰਡ ਗਈ ਕਿਉਂਕਿ ਜਿਥੇ ਖਾਲਸਾ ਫੌਜ ਤੈਨਾਤ ਸੀ ਉਥੇ ਕਾਫੀ ਸੰਘਣਾ ਜੰਗਲ ਸੀ। ਜਨਰਲ ਕੈਲਨ ਕੈਮਬੈਲ ਸਾਰੀ ਫੌਜ ਉੱਤੇ ਨਿਯੰਤਰਣ ਨਾ ਰਖ ਸਕਿਆ ਤੇ ਬਰਗੇਡੀਅਰ ਪੈਨੀਕੁਇਨ ਨੂੰ ਸਵਤੰਤਰ ਕਮਾਨ ਦੇ ਦਿੱਤੀ।

ਬਰਗੇਡੀਅਰ ਪੈਨੀਕੁਇਨ ਨੇ ਹੌਸਲਾ ਦਿਖਾਉਂਦੇ ਹੋਏ ਇਕ ਦਮ ਆਪਣੀ ਬਰਗੇਡ ਨਾਲ ਖਾਲਸਾ ਫੌਜ ਦੇ ਤੋਪਚੀਆਂ ਉੱਤੇ ਹਮਲਾ ਕਰ ਦਿੱਤਾ। ਖਾਲਸਾ ਫੌਜ ਨੇ ਵੀ ਪੂਰੀ ਜੋਸ਼ ਨਾਲ ਜਵਾਬੀ ਹਮਲਾ ਕੀਤਾ, ਜਿਸ ਵਿਚ ਬਰਗੇਡੀਅਰ ਪੈਨੀਕੁਇਨ ਅਤੇ ਕਰਨਲ ਬਰੁਕ ਸਮੇਤ ਸਾਰੇ ਸਿਪਾਹੀ ਮਾਰੇ ਗਏ। ਅੰਗਰੇਜ਼ ਫੌਜ ਦਾ ਹਮਲਾ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ ਸੀ ਅਤੇ ਸੈਨਿਕਾਂ ਦੇ ਹੌਸਲੇ ਟੁੱਟ ਗਏ ਸਨ। ਜੰਗਲ ਅਤੇ ਕੰਡੇਦਾਰ ਝਾੜੀਆਂ ਕਾਰਨ ਅੰਗਰੇਜ਼ ਸੈਨਿਕਾਂ ਨੂੰ ਬਹੁਤ ਮੁਸ਼ਕਿਲਾਂ ਪੇਸ਼ ਆ ਰਹੀਆਂ ਸਨ ਜਦੋਂ ਬਰਗੇਡਿਅਰ ਪੈਨੀਕੁਇਨ ਮਾਰਿਆ ਗਿਆ ਤਾਂ ਫੌਜ ਨੂੰ ਕਮਾਨ ਕਰਨ ਵਾਲਾ ਕੋਈ ਨਾ ਰਿਹਾ ਅਤੇ ਅੰਗਰੇਜ਼ਾਂ ਵਿਚ 13 ਅਫਸਰ ਮਾਰੇ ਗਏ, 10 ਜ਼ਖ਼ਮੀ ਹੋ ਗਏ। 231 ਦੇ ਲਗਭਗ ਅੰਗਰੇਜ਼ ਸਿਪਾਹੀ ਮਾਰੇ ਗਏ ਅਤੇ 300 ਦੇ ਕਰੀਬ ਜ਼ਖਮੀ ਹੋ ਗਏ ਸਨ।

ਇਸ ਦੇ ਨਾਲ ਹੀ ਗਿਲਬਰਟ ਘੋੜ ਸਵਾਰ ਬਰੀਗੇਡ ਅਤੇ ਤੋਪਖਾਨੇ ਦੇ ਨਾਲ ਅੱਗੇ ਵਧਿਆ ਅਤੇ ਫੌਜ ਝਾੜੀਆਂ ਵਿੱਚ

ਦੀ ਹੁੰਦੀ ਹੋਈ ਅੱਗੇ ਵੱਧ ਰਹੀ ਸੀ। ਅਚਾਨਕ ਖਾਲਸਾ ਫੌਜ ਨੇ ਘੋੜ ਸਵਾਰ ਸੈਨਾ ਨਾਲ ਜ਼ੋਰਦਾਰ ਹਮਲਾ ਕਰ ਦਿੱਤਾ ਜਿਸ ਨਾਲ ਅੰਗਰੇਜ਼ ਸੈਨਾ ਦੇ ਪੈਰ ਉਖੜ ਗਏ ਅਤੇ ਬਰਗੇਡੀਅਰ ਪੌਪ ਮਾਰਿਆ ਗਿਆ। ਫੌਜ ਦੀ ਕਮਾਨ ਕਰਨ ਲਈ ਮੌਕੇ ਤੇ ਕੋਈ ਆਗੂ ਨਾ ਰਿਹਾ, ਘਬਰਾਈ ਹੋਈ ਅੰਗਰੇਜ਼ ਫੌਜ ਪਿਛੇ ਹੱਟਣ ਲੱਗ ਪਈ। ਅੰਗਰੇਜ਼ ਖਾਲਸਾ ਫੌਜ ਦੇ ਹਮਲਿਆਂ ਦਾ ਮੁਕਾਬਲਾ ਨਾ ਕਰ ਸਕੇ। ਅੰਗਰੇਜ਼ ਸੈਨਾ ਦੇ ਤੋਪਖਾਨੇ ਦੇ ਮੇਜਰ ਕਰੀਸਟੀ ਅਤੇ ਕਈ ਹੋਰ ਤੋਪਚੀ ਮਾਰੇ ਗਏ। ਖਾਲਸਾ ਫੌਜ ਨੇ ਕਰੀਸਟੀ ਦੀਆਂ ਸਾਰੀਆਂ ਤੋਪਾਂ ਆਪਣੇ ਅਧਿਕਾਰ ਵਿਚ ਲੈ ਲਈਆਂ ਅਤੇ ਖਾਲਸਾ ਘੋੜ ਸਵਾਰ ਤਾਂ ਅੰਗਰੇਜ਼ ਸੈਨਿਕ ਪਿੱਛੇ ਜੰਗ ਦੇ ਮੈਦਾਨ ਵਿੱਚ ਬਣੇ ਆਰਜ਼ੀ ਹਸਪਤਾਲ ਵਿਚ ਜਾ ਕੇ ਹੀ ਰੁਕੇ। ਜਦੋਂ ਅੰਗਰੇਜ਼ ਸੈਨਿਕ ਪਿੱਛੇ ਨੂੰ ਭੱਜ ਰਹੇ ਸਨ ਤਾਂ ਇਕ ਅੰਗਰੇਜ਼ ਅਫ਼ਸਰ ਮਿਸਟਰ ਵਾਇੰਟਿੰਗ ਨੇ ਹੱਕ ਵਿਚ ਪਿਸਤੋਲ ਲੈ ਕੇ ਉਹਨਾਂ ਨੂੰ ਧਮਕੀ ਦਿੱਤੀ ਸੀ ਕਿ ''ਜੇ ਉਹ ਉਸ ਕੋਲੋਂ ਅਗਾਂਹ ਲੰਘਣਗੇ ਤਾਂ ਉਹ ਗੋਲੀ ਨਾਲ ਮਾਰ ਦੇਵੇਗਾ''। ਇਸ ਤੋਂ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਖਾਲਸਾ ਫੌਜ ਨੇ ਇਨਾਂ ਜ਼ੋਰਦਾਰ ਹਮਲਾ ਕੀਤਾ ਕਿ ਅੰਗਰੇਜ਼ ਸੈਨਿਕ ਪੂਰੀ ਤਰ੍ਹਾਂ ਡਰ ਗਏ ਅਤੇ ਜੰਗ ਦੇ ਮੈਦਾਨ ਵਿਚੋਂ ਭੱਜਣ ਲੱਗ ਪਏ।

ਅੰਗਰੇਜ਼ ਸੈਨਾ ਦੇ ਸੱਜੇ ਪਾਸੇ ਵੱਲ ਖਾਲਸਾ ਫੌਜ ਨੇ ਤਬਾਹੀ ਮਚਾ ਦਿੱਤੀ ਸੀ ਅਤੇ ਸਾਰੀ ਸੈਨਾ ਦੇ ਹੌਸਲੇ ਟੁੱਟ ਗਏ ਸਨ। ਪਰ ਹਿਉਗ ਗਫ ਨੇ ਇਕ ਵਾਰ ਫਿਰ ਆਪਣੀ ਰਿਜ਼ਰਵ ਸੈਨਾ ਜਨਰਲ ਗਿਲਬਰਟ ਅਤੇ ਜਨਰਲ ਕੈਂਪਬੈਲ ਦੀ ਸਹਾਇਤਾ ਲਈ ਭੇਜੀ। ਦੋਵੇਂ ਜਰਨੈਲਾਂ ਨੇ ਰਿਜ਼ਰਵ ਸੈਨਾ ਦੀ ਮਦਦ ਨਾਲ ਖਾਲਸਾ ਫੌਜ ਦਾ ਪਿੱਛਾ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੂੰ ਇਸ ਇਲਾਕੇ ਦੀ ਭੂਗੋਲਿਕ ਸਥਿਤੀ ਦੀ ਚੰਗੀ ਤਰ੍ਹਾਂ ਜਾਣਕਾਰੀ ਨਹੀਂ ਸੀ ਅਤੇ ਹਨੇਰਾ ਹੋ ਜਾਣ ਕਾਰਨ ਉਨ੍ਹਾਂ ਨੂੰ ਡਰ ਸੀ ਕਿ ਕਿਤੇ ਖਾਲਸਾ ਫੌਜ ਉਨ੍ਹਾਂ ਦਾ ਹੋਰ ਜ਼ਿਆਦਾ ਨੁਕਸਾਨ ਨਾ ਕਰ ਦੇਵੇ। ਹਿਉਗ ਗਫ ਨੇ ਅੰਗਰੇਜ਼ ਫੌਜ ਨੂੰ ਵਾਪਸ ਚਿੱਲੀਆਂਵਾਲਾ ਜਾਣ ਦਾ ਹੁਕਮ ਦਿੱਤਾ ਅਤੇ ਖਾਲਸਾ ਫੌਜ ਪਿੱਛੇ ਹੱਟ ਕੇ ਰਸੂਲ ਪਿੰਡ ਵਿਚ ਚਲੀ ਗਈ।

4. ਨੁਕਸਾਨ

ਚਿੱਲੀਆਂਵਾਲਾ ਦੀ ਲੜਾਈ ਵਿਚ ਹਾਰ ਜਿੱਤ ਦਾ ਕੋਈ ਫੈਸਲਾ ਨਾ ਹੋ ਸਕਿਆ। ਬੇਸ਼ੱਕ ਇਸ ਲੜਾਈ ਵਿੱਚ ਖਾਲਸ਼ਾ ਫੌਜ ਦਾ ਪਲੜਾ ਭਾਰੀ ਰਿਹਾ ਅਤੇ ਉਨ੍ਹਾਂ ਨੇ ਅੰਗਰੇਜ਼ ਫੌਜ ਦਾ ਨੁਕਸਾਨ ਕੀਤਾ, ਪਰ ਅੰਗਰੇਜ਼ਾਂ ਨੇ ਵੀ ਇਹ ਲੜਾਈ ਜਿੱਤਣ ਦਾ ਦਾਵਾ ਕੀਤਾ। ਪਰ ਸਾਨੂੰ ਇਹ ਗਲ ਨਜ਼ਰ ਅੰਦਾਜ਼ ਨਹੀਂ ਕਰਨੀ ਚਾਹੀਦੀ ਹੈ ਕਿ ਅੰਗਰੇਜ਼ਾਂ ਦੁਆਰਾ ਲੜੀਆਂ ਗਈਆਂ ਸਾਰੀਆਂ ਲੜਾਈਆਂ ਵਿਚੋਂ ਇਹ ਲੜਾਈ ਭਾਰਤ ਵਿਚ ਸਭ ਨਾਲੋਂ ਔਖੀ ਲੜਾਈ ਸੀ, ਜਿਸ ਵਿਚ ਅੰਗਰੇਜ਼ ਫੌਜ ਦਾ ਭਾਰੀ ਨੁਕਸਾਨ ਹੋਇਆ। ਪ੍ਰੋ. ਸੀਤਾ ਰਾਮ ਕੋਹਲੀ ਦੇ ਕਥਨ ਅਨੁਸਾਰ, ''ਚਿੱਲੀਆਂਵਾਲਾ ਦੀ ਲੜਾਈ ਵਿਚ ਅੰਗਰੇਜ਼ਾਂ ਦੀ ਸਭ ਤੋਂ ਬੁਰੀ ਹਾਰ ਹੋਈ, ਇਸ ਤੋਂ ਪਹਿਲਾਂ ਅੰਗਰੇਜ਼ ਭਾਰਤ ਵਿਚ ਇੰਨੀ ਬੁਰੀ ਤਰ੍ਹਾਂ ਨਹੀਂ ਹਾਰੇ ਸਨ''।

ਚਿੱਲੀਆਂਵਾਲਾ ਦੀ ਖ਼ੂਨੀ ਲੜਾਈ ਬੇਸ਼ਕ ਤਿੰਨ ਚਾਰ ਘੰਟੇ ਲੜੀ ਗਈ ਪਰ ਇਸ ਵਿਚ ਅੰਗਰੇਜ਼ਾਂ ਦੇ 89 ਅਫ਼ਸਰ ਅਤੇ 2357 ਫੌਜੀ ਮਾਰੇ ਗਏ ਜਾਂ ਜ਼ਖਮੀ ਹੋ ਗਏ ਸਨ। ਅੰਗਰੇਜ਼ 6 ਤੋਪਾਂ, ਕਈ ਝੰਡੇ ਅਤੇ ਆਪਣੇ ਮਰੇ ਹੋਏ ਸਾਥੀਆਂ ਨੂੰ ਜੰਗ ਦੇ ਮੈਦਾਨ ਵਿਚ ਛੱਡ ਕੇ ਭੱਜ ਗਏ। ਇਸ ਲੜਾਈ ਵਿੱਚ ਅੰਗਰੇਜ਼ ਸੈਨਾ ਦੇ ਹੋਏ ਜ਼ਿਆਦਾ ਨੁਕਸਾਨ ਕਾਰਨ ਪ੍ਰਧਾਨ ਸੈਨਾਪਤੀ ਹਿਉਗ ਗਫ ਦੀ ਬਹੁਤ ਆਲੋਚਨਾ ਹੋਈ। ਸਿੱਟੇ ਵਜੋਂ ਗਫ ਨੂੰ ਪ੍ਰਧਾਨ ਸੈਨਾਪਤੀ ਦੀ ਪਦਵੀਂ ਤੋਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ਸਰ ਚਾਰਲਸ ਨੇਪੀਅਰ ਨੂੰ ਪ੍ਰਧਾਨ ਸੈਨਾਪਤੀ ਬਣਾ ਦਿੱਤਾ ਗਿਆ।

5. ਲੜਾਈ ਵਿਚ ਵਰਤੇ ਗਏ ਯੁੱਧ ਦੇ ਸਿਧਾਂਤ– ਇਸ ਲੜਾਈ ਵਿਚ ਦੋਵਾਂ ਸੈਨਾਵਾਂ ਨੇ 'ਨਿਸ਼ਾਨਾ ਚੁਣਨਾ ਅਤੇ ਉਸਨੂੰ ਕਾਇਮ ਰਖਣਾ' ਸਿਧਾਂਤ ਦੀ ਪਾਲਣਾ ਕੀਤੀ ਪਰ ਸਿੱਖ ਸੈਨਾ ਦੇ ਜਰਨੈਲ ਮੁੱਖ ਲੜਾਈ ਵਿਚੋਂ ਭੱਜ ਗਏ ਸਨ ਪਰ ਅੰਗਰੇਜ਼ੀ ਸੈਨਾ ਨੇ ਅੰਤ ਤਕ ਮੁਕਾਬਲਾ ਕੀਤਾ। ਇਸ ਤੋਂ ਬਾਅਦ ਸਿੱਖ ਸੈਨਾ ਦੇ ਵਿੱਚ 'ਮਨੋਬਲ' ਵਿਚ ਕਾਫੀ ਗਿਰਾਵਟ ਆਈ। ਸਿੱਖ ਸੈਨਾ ਨੇ ਇਸ ਲੜਾਈ ਵਿਚ ਜਿਆਦਾਤਰ 'ਸੁਰੱਖਿਆ' ਦੀ ਨੀਤੀ ਅਪਣਾਈ ਜਦੋਂ ਕਿ ਅੰਗਰੇਜ਼ੀ ਸੈਨਾ ਨੇ ਅਰੰਭ ਤੋਂ ਅੰਤ ਤੱਕ ਹਮਲਾਵਾਰੀ ਕਾਰਵਾਈਆਂ ਜਾਰੀ ਰੱਖੀਆਂ। ਇਸ ਤੋਂ ਇਲਾਵਾ ਸਿੱਖਾਂ ਵਿਚ 'ਸਹਿਯੋਗ' ਦੀ ਵੀ ਕਮੀ ਸੀ ਜਦੋਂ ਕਿ ਅੰਗਰੇਜ਼ੀ ਸੈਨਾ ਨੇ ਅੰਤ ਤਕ ਸਹਿਯੋਗ ਬਣਾਈ ਰੱਖਿਆ।

6. ਸਾਰ– ਇਸ ਲੜਾਈ ਵਿਚ ਸਿੱਖਾਂ ਦੀ ਹਾਰ ਦੇ ਨਾਲ ਹੀ ਸਾਮਰਾਜ ਅੰਗਰੇਜ਼ਾਂ ਦੇ ਹੱਥ ਚਲਾ ਗਿਆ। ਅੰਗਰੇਜ਼ਾਂ ਨੇ ਸਤਲੁਜ ਦਰਿਆ ਪਾਰ ਕਰਕੇ ਲਾਹੌਰ ਅਤੇ ਕਸੂਰ ਤੇ ਅਧਿਕਾਰ ਕਰ ਲਿਆ ਅਤੇ ਸਿੱਖਾਂ ਨੂੰ ਸੰਧੀ ਕਰਨ ਲਈ ਮਜ਼ਬੂਰ ਕਰ ਦਿੱਤਾ।

ਅਭਿਆਸ ਲਈ ਪ੍ਰਸ਼ਨ:–

1. ਚਿੱਲੀਆਂਵਾਲਾ ਦੀ ਲੜਾਈ ਕਦੋਂ ਅਤੇ ਕਿੱਥੇ ਹੋਈ ਸੀ ?
2. ਚਿੱਲੀਆਂਵਾਲਾ ਦੀ ਲੜਾਈ ਵਿਚ ਵਿਰੋਧੀ ਕਮਾਂਡਰਾਂ ਦੇ ਨਾਂ ਦੱਸੋ।

3. ਲੜਾਈ ਵਿੱਚ ਸਿੱਖਾਂ ਦੀ ਹਾਰ ਦੇ ਕਾਰਣ ਦੱਸੋ।
4. ਚਿੱਲੀਆਂਵਾਲਾ ਦੀ ਲੜਾਂਈ ਵਿਚ ਵਰਤੇ ਗਏ ਯੁੱਧ ਦੇ ਸਿਧਾਂਤ ਲਿਖੋ।
5. ਚਿੱਲੀਆਂਵਾਲਾ ਦੀ ਲੜਾਈ ਦਾ ਸੰਖੇਪ ਵਿਚ ਵਿਸ਼ਲੇਸ਼ਣ ਕਰੋ।

ਹੋਰ ਪੜ੍ਹਨ ਲਈ ਪੁਸਤਕਾਂ

1. S.T. Das- Indian Military- Its history and development.
2. Maj Alfred David - Indian Art of War.
3. F.S. Bajwa The Military System of the Sikh.

Typesetting :
Department of Distance Education, Punjabi University, Patiala.